ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

YouTube https://youtu.be/LQwolgxDu7l

awazeqaumtvpunjab@gmail.com

ਵੀਰਵਾਰ, 28 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੬, ੧੫ ਚੇਤਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਦਿੱਲੀ ਤੋਂ ਬਾਅਦ ਹੁਣ ਪੰਜਾਬ 'ਚ ਈ. ਡੀ. ਦੀ ਛਾਪੇਮਾਰੀ

**ਚੰਡੀਗੜ੍ਹ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਤੋਂ ਬਾਅਦ ਹੁਣ ਪੰਜਾਬ 'ਚ ਇਨਫੋਰਸਮੈਂਟ ਡਾਇਰੈਕਟੋਰੇਟ (ਈ. ਡੀ.) ਦੀਆਂ ਟੀਮਾਂ ਨੇ ਛਾਪੇਮਾਰੀ ਤੇਜ਼ ਕਰ ਦਿੱਤੀ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਅਤੇ ਮੋਹਾਲੀ ਵਿਚ ਛਾਪੇਮਾਰੀ ਜਾਰੀ ਹੈ। ਇਹ ਛਾਪੇਮਾਰੀ ਕਈ ਆਈ. ਏ. ਐੱਸ. ਅਫਸਰਾਂ, ਪ੍ਰਾਪਰਟੀ ਡੀਲਰ ਅਤੇ ਕਈ ਕਿਸਾਨਾਂ ਸਮੇਤ 15 ਟਿਕਾਣਿਆਂ 'ਤੇ ਹੋਈ ਦੱਸੀ ਜਾਂਦੀ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਹ ਜਾਂਚ ਮੁਹਾਲੀ ਵਿਚ ਅਮਰੂਦ ਦੇ ਬਾਗ ਘੁਟਾਲੇ ਸਬੰਧੀ ਕੀਤੀ ਜਾ ਰਹੀ ਹੈ। ਹੁਣ ਤੱਕ ਪੰਜਾਬ ਵਿਜੀਲੈਂਸ ਇਸ ਦੀ ਜਾਂਚ ਕਰ ਰਹੀ ਸੀ। ਇਹ ਛਾਪੇਮਾਰੀ ਇਸ ਮਾਮਲੇ ਨਾਲ ਜੁੜੇ ਲੋਕਾਂ ਦੇ ਟਿਕਾਣਿਆਂ 'ਤੇ ਹੀ ਕੀਤੀ ਜਾ ਰਹੀ ਹੈ। ਏਅਰਪੋਰਟ ਰੋਡ 'ਤੇ ਗ੍ਰੇਟਰ ਮੋਹਾਲੀ ਡਿਵੈਲਪਮੈਂਟ ਅਥਾਰਟੀ ਦਾ ਇਹ ਮਾਮਲਾ ਸੀ। ਜ਼ਮੀਨ ਐਕਵਾਇਰ ਹੋਣ ਤੋਂ ਪਹਿਲਾਂ ਕੁਝ ਲੋਕਾਂ ਨੇ ਇੱਥੇ ਅਮਰੂਦ ਦੇ ਬੂਟੇ ਲਗਾਏ ਸਨ ਪਰ ਗਮਾਡਾ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਉਨ੍ਹਾਂ ਦੀ ਉਮਰ 4 ਤੋਂ 5 ਸਾਲ ਦੱਸੀ ਗਈ, ਜਿਸ ਕਾਰਨ ਉਨ੍ਹਾਂ ਦਾ ਮੁਆਵਜ਼ਾ ਕਾਫੀ ਵੱਧ ਗਿਆ। ਇਸ ਤਰ੍ਹਾਂ ਕਈ ਲੋਕਾਂ ਨੇ ਗਲਤ ਤਰੀਕੇ ਨਾਲ ਮੁਆਵਜ਼ਾ ਲੈ ਲਿਆ ਸੀ। ਵਿਜੀਲੈਂਸ ਨੇ ਇਸ ਸਬੰਧੀ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ ਪਰ ਅਦਾਲਤ ਨੇ ਮੁਆਵਜ਼ੇ ਦੀ ਰਕਮ ਵਾਪਸ ਜਮ੍ਹਾਂ ਕਰਵਾ ਕੇ ਜ਼ਮਾਨਤ ਦੇ ਦਿੱਤੀ ਸੀ। ਇਹ ਐਰੋਟ੍ਰੋਪੋਲਿਸ ਪ੍ਰੋਜੈਕਟ ਲਈ ਜ਼ਮੀਨ ਐਕਵਾਇਰ ਦਾ ਮਾਮਲਾ ਹੈ। ਐਕੁਆਇਰ ਕੀਤੀ ਜ਼ਮੀਨ ਦਾ ਮੁਆਵਜ਼ਾ ਗਮਾਡਾ ਵੱਲੋਂ ਲੈਂਡ ਪੂਲਿੰਗ ਨੀਤੀ ਅਨੁਸਾਰ ਦਿੱਤਾ ਗਿਆ ਸੀ। ਉਸ ਜ਼ਮੀਨ ਵਿਚ ਲਗਾਏ ਗਏ ਅਮਰੂਦ ਦੇ ਦਰੱਖਤਾਂ ਦੀ ਕੀਮਤ ਜ਼ਮੀਨ ਤੋਂ ਵੱਖਰੀ ਅਦਾ ਕੀਤੀ ਜਾਂਦੀ ਸੀ।

# ਜਲੰਧਰ ਤੋਂ 'ਆਪ' ਦੇ ਐਮ. ਪੀ. ਸੁਸ਼ੀਲ ਰਿੰਕੂ ਤੇ ਵਿਧਾਇਕ ਸ਼ੀਤਲ ਅੰਗੂਰਾਲ ਭਾਜਪਾ 'ਚ ਸ਼ਾਮਲ





**ਜਲੰਧਰ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਵੱਡਾ ਝਟਕਾ ਲੱਗਾ ਹੈ। ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਮੌਜੂਦਾ ਮੈਂਬਰ ਪਾਰਲੀਮੈਂਟ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਵੈਸਟ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੂਰਾਲ ਭਾਜਪਾ 'ਚ ਸ਼ਾਮਲ ਹੋ ਗਏ ਹਨ। ਦੋਹਾਂ ਨੇ ਦਿੱਲੀ ਵਿਖੇ ਭਾਜਪਾ ਹੈੱਡ ਕੁਆਰਟਰ 'ਚ ਪਾਰਟੀ ਦਾ ਪੱਲਾ ਫੜਿਆ। ਭਾਜਪਾ ਵਿਚ ਸ਼ਾਮਲ ਹੋਣ ਮਗਰੋਂ ਸੁਸ਼ੀਲ ਕੁਮਾਰ ਰਿੰਕੂ ਨੇ ਕਿਹਾ ਕਿ ਮੇਰਾ ਸਿਰਫ਼ ਇੱਕੋ ਮਕਸਦ ਹੈ ਕਿ ਜਿਸ ਤਰੀਕੇ ਨਾਲ ਦੇਸ਼ ਦੇ ਹੋਰ ਸੂਬਿਆਂ ਵਿਚ ਵਿਕਾਸ ਹੋ ਰਿਹਾ ਹੈ, ਉਸੇ ਤਰ੍ਹਾਂ ਪੰਜਾਬ ਵੀ ਤਰੱਕੀ ਕਰੇ। ਪੰਜਾਬ ਵਿਚ ਅਜੇ ਵਿਕਾਸ ਦੀ ਬਹੁਤ ਕਮੀ ਹੈ ਖ਼ਾਸ ਕਰਕੇ ਜਲੰਧਰ ਅਜੇ ਵੀ ਬਹੁਤ ਪਿੱਛੜਿਆ ਹੋਇਆ ਹੈ। ਰਿੰਕੂ ਨੇ ਕਿਹਾ ਕਿ ਅਸੀਂ ਜਲੰਧਰ ਦੇ ਲੋਕਾਂ ਨਾਲ ਜ਼ਿਮਨੀ ਚੋਣ ਸਮੇਂ ਜਿਹੜੇ ਵਾਅਦੇ ਕੀਤੇ ਸਨ ਉਨ੍ਹਾਂ 'ਤੇ ਪੂਰਾ ਨਹੀਂ ਉਤਰ ਸਕੇ ਹਾਂ ਕਿਉਂਕਿ ਮੇਰੀ ਸਰਕਾਰ ਨੇ ਮੇਰੀ ਪਿੱਠ 'ਤੇ ਹੱਥ ਨਹੀਂ ਰੱਖਿਆ। ਸੜਕਾਂ, ਪਿੰਡਾਂ ਦੀ ਫਿਰਨੀਆਂ, ਪਿੰਡਾਂ ਦੇ ਛੱਪੜਾਂ ਅਤੇ ਅਨੇਕਾਂ ਕੰਮ ਸ਼ੁਰੂ ਹੀ ਨਹੀਂ ਹੋ ਸਕੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕੰਮ ਕਰਨ ਦਾ ਢੰਗ ਬਹੁਤ ਵਧੀਆ ਹੈ। ਉਹ ਜਿੰਨਾ ਵਾਰ ਉਨ੍ਹਾਂ ਕੋਲ ਆਪਣੇ ਕੰਮ ਲੈ ਕੇ ਉਨ੍ਹਾਂ ਬਹੁਤ ਵਧੀਆ ਢੰਗ ਨਾਲ ਸੁਣਿਆ ਗਿਆ ਜਿਸ ਤੋਂ ਮੈਂ ਬਹੁਤ ਪ੍ਰਭਾਵਤ ਹੋਇਆ। ਭਾਵੇਂ ਉਹ ਜਲੰਧਰ ਜ਼ਿਲ੍ਹੇ ਦਾ ਆਦਮਪਰੋਟ ਦਾ ਏਅਰਪੋਰਟ ਹੋਵੇ ਜਾਂ ਜਲੰਧਰ ਵਿਚ ਵੰਦੇ ਭਾਰਤ ਐਕਸਪ੍ਰੈੱਸ ਦੇ ਸਟੇਅ ਦੀ ਮੰਗ ਹੋਵੇ। ਕੇਂਦਰ ਸਰਕਾਰ ਨੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਕੀਤੀਆਂ। ਰਿੰਕੂ ਨੇ ਕਿਹਾ ਕਿ ਜਲੰਧਰ ਦੇ ਕਈ ਰੇਲਵੇ ਕਰਾਸਿੰਗ ਜਿੱਥੇ ਕੰਮ ਕਰਨ ਦੀ ਜ਼ਰੂਰਤ ਹੈ, ਕਈ ਹਲਕਿਆਂ ਵਿਚ ਰੇਲਵੇ ਕਰਾਸਿੰਗ ਦੀ ਬਹੁਤ ਜ਼ਰੂਰਤ ਹੈ, ਮੈਨੂੰ ਅੱਜ ਇਕ ਆਸ ਨਜ਼ਰ ਆਈ ਹੈ ਕਿ ਪੰਜਾਬ ਵਿਚ ਵੀ ਵਿਕੇਸ ਦੀ ਹਨ੍ਹੇਰੀ ਆਵੇਗੀ। ਰਿੰਕੂ ਨੇ ਕਿਹਾ ਕਿ ਮੈਨੂੰ ਨਾ ਤਾਂ ਸੱਤਾ ਦਾ ਲਾਲਚ ਹੈ ਅਤੇ ਨਾ ਹੀ ਮੇਰਾ ਕੋਈ ਨਿੱਜੀ ਸਵਾਰਥ ਹੈ। ਮੈਂ ਜਲੰਧਰ ਦੇ ਵਿਕਾਸ ਅਤੇ ਲੋਕਾਂ ਦੀ ਬਿਹਤਰੀ ਲਈ ਇਕ ਨਵਾਂ ਐਕਸਪੈਰੀਮੈਂਟ ਕਰਨ ਜਾ ਰਿਹਾ ਹਾਂ। ਮੈਨੂੰ ਉਮੀਦ ਹੈ ਕਿ ਜਲੰਧਰ ਦੇ ਲੋਕ ਫਿਰ ਮੈਨੂੰ ਮਾਣ ਅਤੇ ਪਿਆਰ ਦੇਣਗੇ ਤਾਂ ਜੋ ਪੰਜਾਬ ਅਤੇ ਜਲੰਧਰ ਨੂੰ ਅੱਗੇ ਲੈ ਕੇ ਜਾਇਆ ਸਕੇ। ਜ਼ਿਕਰਯੋਗ ਹੈ ਕਿ ਕਾਂਗਰਸ ਦੇ ਸਾਬਕਾ ਵਿਧਾਇਕ ਅਤੇ 'ਆਪ' ਦੇ ਮੌਜੂਦਾ ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਜ਼ਿਮਨੀ ਚੋਣ ਦੌਰਾਨ 'ਆਪ"ਚ ਸ਼ਾਮਲ ਹੋਏ ਸਨ। ਸੰਤੋਖ ਸਿੰਘ ਚੌਧਰੀ ਦੇ ਮੌਤ ਮਗਰੋਂ ਹੋਈ ਜ਼ਿਮਨੀ ਚੋਣ ਦੌਰਾਨ 'ਆਪ' ਨੇ ਜਲੰਧਰ ਸੀਟ ਤੋਂ ਰਿੰਕੂ ਨੂੰ ਆਪਣਾ ਉਮੀਦਵਾਰ ਐਲਾਨਿਆ ਸੀ, ਜਿਸ ਵਿੱਚ ਰਿੰਕੂ ਜੇਤੂ ਰਹੇ ਸਨ। ਹੁਣ ਇਕ ਜੂਨ ਹੋ ਰਹੀਆਂ ਲੋਕ ਸਭਾ ਚੋਣਾਂ ਲਈ ਇਸ ਵਾਰ ਵੀ 'ਆਪ' ਨੇ ਜਲੰਧਰ ਸੀਟ ਤੋਂ ਰਿੰਕੂ ਨੂੰ ਉਮੀਦਵਾਰ ਐਲਾਨਿਆ ਹੈ। ਜ਼ਿਕਰਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਬੀਤੇ ਦਿਨ ਪੰਜਾਬ ਦੀ ਸਿਆਸਤ ਵਿਚ ਇਕ ਹੋਰ ਵੱਡਾ ਧਮਾਕਾ ਹੋਇਆ ਸੀ। ਲੁਧਿਆਣਾ ਤੋਂ ਕਾਂਗਰਸ ਦੇ ਮੌਜੂਦਾ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਬੀਤੇ ਦਿਨ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਲੋਕ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ ਲਈ ਇਹ ਸਭ ਤੋਂ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ। ਰਾਹੁਲ ਗਾਂਧੀ ਦੇ ਕਰੀਬੀ ਮੰਨੇ ਜਾਣ ਵਾਲੇ ਰਵਨੀਤ ਸਿੰਘ ਬਿੱਟੂ ਪੰਜਾਬ ਕਾਂਗਰਸ ਦਾ ਵੱਡਾ ਚਿਹਰਾ ਹਨ। ਉਹ ਦਿੱਲੀ ਵਿਚ ਭਾਜਪਾ ਹੈੱਡ ਕੁਆਰਟਰ ਵਿਚ ਕੇਂਦਰੀ ਮੰਤਰੀ ਵਿਨੋਦ ਤਾਵੜੇ ਦੀ ਮੌਜੂਦਗੀ ਵਿਚ ਭਾਜਪਾ ਵਿਚ ਸ਼ਾਮਲ ਹੋਏ। ਰਵਨੀਤ ਬਿੱਟੂ ਤੀਜੀ ਵਾਰ ਕਾਂਗਰਸ ਦੇ ਸੰਸਦ ਮੈਂਬਰ ਬਣੇ ਹਨ। ਉਹ ਇਸ ਵੇਲੇ ਲੁਧਿਆਣਾ ਤੋਂ ਕਾਂਗਰਸ ਦੀ ਨੁਮਾਇੰਦਗੀ ਕਰ ਰਹੇ ਹਨ। ਇਸ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਵਿਚ ਕਾਂਗਰਸ ਦੀ ਨੁਮਾਇੰਦਗੀ ਕਰ ਚੁੱਕੇ ਹਨ। ਰਵਨੀਤ ਬਿੱਟੂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਹਨ।

## ਬੇਸ਼ਰਮਾਂ ਦਾ ਤਾਂ ਨੀਵੀਂ ਪਾ ਕੇ ਵੀ ਸਰ ਜਾਂਦਾ ਹੈ : ਭਗਵੰਤ ਮਾਨ



**ਚੰਡੀਗੜ੍ਹ** : ਜਲੰਧਰ ਤੋਂ ਐੱਮ. ਪੀ. ਸੁਸ਼ੀਲ ਕੁਮਾਰ ਰਿੰਕੂ ਅਤੇ ਵਿਧਾਇਕ ਸ਼ੀਤਲ ਅੰਗੂਰਾਲ ਦੇ ਭਾਜਪਾ ਵਿਚ ਸ਼ਾਮਲ ਹੋਣ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਤੰਜ ਕੱਸਿਆ ਹੈ। ਸ਼ਾਇਰਾਨਾ ਅੰਦਾਜ਼ ਵਿਚ ਮੁੱਖ ਮੰਤਰੀ ਨੇ ਆਖਿਆ ਹੈ ਕਿ 'ਆਪਣੇ ਵੱਲੋਂ ਤਾਂ ਦਰਿਆ ਵੱਡੇ ਘਰ ਜਾਂਦਾ ਹੈ ਪਰ ਵਿੱਚ ਸਮੁੰਦਰ ਜਾ ਕੇ ਉਹ ਮਰ ਜਾਂਦਾ ਹੈ, ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਤਾਂ ਨੀਵੀਂ ਪਾ ਕੇ ਵੀ ਸਰ ਜਾਂਦਾ ਹੈ'। ਪੰਜਾਬ ਦੀ ਗਰਦਨ ਮਾਣ ਨਾਲ ਹਮੇਸ਼ਾ ਉੱਚੀ ਰੱਖਾਂਗੇ।

## ਦਿਲ ਦਹਿਲਾ ਦੇਣ ਵਾਲਾ ਐਕਸਟੀਡੈਂਟ ! ਮੋਗਾ ਦੇ ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ, ਇੱਕ ਮਹਿਲਾ ਦੀ ਹਾਲਤ ਗੰਭੀਰ



**ਮੋਗਾ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਮੋਗਾ ਜ਼ਿਲ੍ਹੇ ਦੇ ਇੱਕ ਪਰਿਵਾਰ ਦੇ ਇੱਕ ਲੜਕੀ ਸਮੇਤ 4 ਜੀਆਂ ਦੀ ਮੌਤ ਹੋ ਗਈ, ਜਦਕਿ ਇੱਕ ਔਰਤ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਜ਼ਖਮੀ ਔਰਤ ਨੂੰ ਇਲਾਜ ਲਈ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਇਹ ਹਾਦਸਾ ਰਾਜਸਥਾਨ ਦੇ ਸ੍ਰੀਗੰਗਾਨਗਰ ਇਲਾਕੇ ਵਿੱਚ ਉਸ ਸਮੇਂ ਵਾਪਰਿਆ ਜਦੋਂ ਪਰਿਵਾਰਕ ਮੈਂਬਰ ਕਾਰ ਵਿੱਚ ਘਰ ਪਰਤ ਰਹੇ ਸਨ। ਹਾਸਲ ਜਾਣਕਾਰੀ ਮੁਤਾਬਕ ਕਾਰ ਨੂੰ ਸਾਹਮਣੇ ਤੋਂ ਆ ਰਹੀ ਬੱਸ ਨੇ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ ਹੋਣ ਕਾਰਨ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਹੈ। ਪੁਲਿਸ ਸੂਤਰਾਂ ਅਨੁਸਾਰ ਮੋਗਾ ਜ਼ਿਲ੍ਹੇ ਦੇ ਬਾਘਾਪੁਰਾਣਾ ਥਾਣਾ ਖੇਤਰ ਦੇ ਪਿੰਡ ਨੱਥੂਵਾਲਾ ਗਰਬਾ ਵਾਸੀ 30 ਸਾਲਾ ਸੂਰਜਵੀਰ ਸਿੰਘ ਆਪਣੀ 28 ਸਾਲਾ ਪਤਨੀ ਮਨਦੀਪ ਕੌਰ, 55 ਸਾਲਾ ਮਾਤਾ ਕੁਲਦੀਪ ਕੌਰ ਤੇ ਭੈਣ ਮਨਵੀਰ ਕੌਰ ਤੇ ਮਨਵੀਰ ਦੀ ਬੇਟੀ ਵਾਨੀ ਨਾਲ ਪੰਜਾਬ ਤੋਂ ਕਾਰ ਰਾਹੀਂ ਸ਼੍ਰੀਗੰਗਾਨਗਰ ਦੇ ਪਦਮਪੁਰ ਗਿਆ ਸੀ। ਉਹ ਮੰਗਲਵਾਰ ਦੁਪਹਿਰ ਨੂੰ ਉੱਥੇ ਇੱਕ ਜਾਣਕਾਰ ਨੂੰ ਮਿਲਣ ਤੋਂ ਬਾਅਦ ਵਾਪਸ ਪੰਜਾਬ ਪਰਤ ਰਿਹਾ ਸੀ। ਇਸ ਦੌਰਾਨ ਘੜਸਾਨਾ ਤੋਂ ਸ੍ਰੀਗੰਗਾਨਗਰ ਵੱਲ ਆ ਰਹੀ ਰੋਡਵੇਜ਼ ਦੀ ਬੱਸ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਇਸ ਕਾਰਨ ਸੂਰਜਵੀਰ ਸਿੰਘ, ਉਸ ਦੀ ਪਤਨੀ ਮਨਦੀਪ ਕੌਰ, ਮਾਤਾ ਕੁਲਦੀਪ ਕੌਰ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਸਪਤਾਲ ਲਿਜਾਂਦੇ ਸਮੇਂ ਸੂਰਜਵੀਰ ਦੀ ਇੱਕ ਸਾਲ ਦੀ ਭਤੀਜੀ ਵਾਨੀ ਦੀ ਵੀ ਮੌਤ ਹੋ ਗਈ। ਸੂਰਜਵੀਰ ਦੀ ਭੈਣ ਮਨਵੀਰ ਕੌਰ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ, ਜਿਸ ਨੂੰ ਸ੍ਰੀਗੰਗਾਨਗਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਹਾਸਲ ਜਾਣਕਾਰੀ ਮੁਤਾਬਕ ਮ੍ਰਿਤਕ ਇੱਕ ਸਾਲ ਦੀ ਵਾਨੀ ਕੈਨੇਡਾ ਦੀ ਰਹਿਣ ਵਾਲੀ ਸੀ। ਪੁਲਿਸ ਨੂੰ ਸੂਚਿਤ ਕਰਨ ਤੋਂ ਬਾਅਦ ਮ੍ਰਿਤਕ ਦਾ ਚਾਚਾ ਸੁਖਵਿੰਦਰ ਸਿੰਘ ਮੰਗਲਵਾਰ ਸ਼ਾਮ 5 ਵਜੇ ਸ੍ਰੀਗੰਗਾਨਗਰ ਪਹੁੰਚਿਆ। ਉਸ ਨੇ ਦੱਸਿਆ ਕਿ ਸੂਰਜਵੀਰ, ਉਸ ਦੀ ਪਤਨੀ ਮਨਦੀਪ ਕੌਰ ਤੇ ਮਾਤਾ ਕੁਲਦੀਪ ਕੌਰ ਪੰਜਾਬ ਰਹਿੰਦੇ ਸਨ। ਸੂਰਜਵੀਰ ਦੀ ਭੈਣ ਮਨਵੀਰ ਕੌਰ ਕੈਨੇਡਾ ਰਹਿੰਦੀ ਹੈ। ਉਸ ਦੇ ਨਾਲ ਉਸ ਦੀ 1 ਸਾਲ ਦੀ ਬੇਟੀ ਵਾਨੀ ਵੀ ਸੀ, ਜਿਸ ਦੀ ਹਾਦਸੇ 'ਚ ਮੌਤ ਹੋ ਗਈ। ਦੂਜੇ ਪਾਸੇ ਏਲਖੰਡ ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਬੱਸ ਵਿੱਚ ਸਵਾਰ 5 ਯਾਤਰੀਆਂ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਹਨ, ਜਦਕਿ ਬੱਸ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਕੇਜਰੀਵਾਲ ਨੂੰ ਦਿੱਲੀ ਹਾਈ ਕੋਰਟ ਤੋਂ ਨਹੀਂ ਮਿਲੀ ਰਾਹਤ, ਗ੍ਰਿਫ਼ਤਾਰੀ ਖ਼ਿਲਾਫ਼ ਹੁਣ 3 ਅਪ੍ਰੈਲ ਨੂੰ ਹੋਵੇਗੀ ਸੁਣਵਾਈ



**ਨਵੀਂ ਦਿੱਲੀ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਸ਼ਰਾਬ ਘਪਲਾ ਮਾਮਲੇ 'ਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਲੀ ਹਾਈ ਕੋਰਟ ਤੋਂ ਰਾਹਤ ਨਹੀਂ ਮਿਲੀ। ਕੋਰਟ ਨੇ ਕੇਜਰੀਵਾਲ ਦੀ ਗ੍ਰਿਫ਼ਤਾਰਤੀ ਖ਼ਿਲਾਫ਼ ਈ.ਡੀ. ਨੂੰ ਜਵਾਬ ਦਾਖ਼ਲ ਕਰਨ ਲਈ 2 ਅਪ੍ਰੈਲ ਤਕ ਦਾ ਸਮਾਂ ਦਿੱਤਾ ਹੈ। ਮਾਮਲੇ ਦੀ ਅਗਲੀ ਸੁਣਵਾਈ ਹੁਣ 3 ਅਪ੍ਰੈਲ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਕਰੀਬ ਦੋ ਘੰਟੇ ਦੀ ਪੁੱਛਗਿੱਛ ਤੋਂ ਬਾਅਦ ਈਡੀ ਨੇ 21 ਮਾਰਚ ਨੂੰ ਉਨ੍ਹਾਂ ਦੀ ਸਰਕਾਰੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ। ਦਿੱਲੀ ਸ਼ਰਾਬ ਘਪਲੇ ਵਿੱਚ ਰਾਊਜ਼ ਐਵੇਨਿਊ ਕੋਰਟ ਨੇ ਉਨ੍ਹਾਂ ਨੂੰ 28 ਮਾਰਚ ਤੱਕ ਈਡੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਸੀ। ਈਡੀ ਦੁਆਰਾ ਗ੍ਰਿਫ਼ਤਾਰੀ ਅਤੇ ਹਿਰਾਸਤ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ 'ਤੇ ਜਸਟਿਸ ਸਵਰਨਕਾਂਤਾ ਸ਼ਰਮਾ ਦੀ ਅਦਾਲਤ ਨੇ ਨੋਟਿਸ ਜਾਰੀ ਕਰਕੇ ਈਡੀ ਤੋਂ ਜਵਾਬ ਮੰਗਿਆ ਹੈ। ਏਜੰਸੀ ਨੂੰ 2 ਅਪ੍ਰੈਲ ਤੱਕ ਅੰਤਰਿਮ ਰਾਹਤ ਲਈ ਕੇਜਰੀਵਾਲ ਦੀ ਪਟੀਸ਼ਨ 'ਤੇ ਆਪਣਾ ਜਵਾਬ ਦਾਇਰ ਕਰਨਾ ਹੋਵੇਗਾ। ਅਦਾਲਤ ਹੁਣ ਇਸ ਮਾਮਲੇ ਦੀ ਸੁਣਵਾਈ 3 ਅਪ੍ਰੈਲ ਨੂੰ ਕਰੇਗੀ। ਕੇਜਰੀਵਾਲ ਦੇ ਵਕੀਲਾਂ ਨੇ ਦਿੱਲੀ ਦੇ ਮੁੱਖ ਮੰਤਰੀ ਦੀ ਤੁਰੰਤ ਰਿਹਾਈ ਅਤੇ ਮਾਮਲੇ ਦੀ ਤੁਰੰਤ ਸੁਣਵਾਈ ਦੀ ਮੰਗ ਕੀਤੀ ਸੀ। ਹਾਲਾਂਕਿ, ਈਡੀ ਨੇ ਤੁਰੰਤ ਸੁਣਵਾਈ ਦਾ ਵਿਰੋਧ ਕੀਤਾ ਸੀ ਅਤੇ ਕੇਜਰੀਵਾਲ ਦੀ ਅਰਜ਼ੀ ਅਤੇ ਰਿੱਟ ਪਟੀਸ਼ਨ 'ਤੇ ਆਪਣਾ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ ਸੀ। ਹਾਈ ਕੋਰਟ ਨੇ ਬੁੱਧਵਾਰ ਨੂੰ ਈਡੀ ਨੂੰ ਜਵਾਬ ਦਾਖਲ ਕਰਨ ਲਈ 2 ਅਪ੍ਰੈਲ ਤੱਕ ਦਾ ਸਮਾਂ ਦਿੱਤਾ ਅਤੇ ਮਾਮਲੇ ਦੀ ਸੁਣਵਾਈ 3 ਅਪ੍ਰੈਲ ਲਈ ਸੂਚੀਬੱਧ ਕਰ ਦਿੱਤੀ। ਈਡੀ ਵੱਲੋਂ ਪੇਸ਼ ਹੋਏ ਏ.ਐੱਸ.ਜੀ. ਐੱਸ.ਵੀ. ਰਾਜੂ ਨੇ ਕਿਹਾ ਕਿ ਉਨ੍ਹਾਂ ਨੂੰ ਕੱਲ੍ਹ ਹੀ ਪਟੀਸ਼ਨ ਦੀ ਕਾਪੀ ਮਿਲ ਗਈ ਸੀ ਅਤੇ ਉਨ੍ਹਾਂ ਨੂੰ ਅਰਜ਼ੀ ਦੇ ਨਾਲ-ਨਾਲ ਰਿੱਟ ਪਟੀਸ਼ਨ ਦਾ ਜਵਾਬ ਦੇਣ ਲਈ ਸਮਾਂ ਚਾਹੀਦਾ ਹੈ। ਅਰਵਿੰਦ ਕੇਜਰੀਵਾਲ ਨੇ ਆਪਣੀ ਗ੍ਰਿਫ਼ਤਾਰੀ ਅਤੇ ਰਿਮਾਂਡ ਦੇ ਹੁਕਮਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ ਅਤੇ ਹਿਰਾਸਤ ਤੋਂ ਤੁਰੰਤ ਰਿਹਾਈ ਦੀ ਮੰਗ ਕੀਤੀ ਸੀ।

# ਸ੍ਰੀ ਗੁਰੂ ਗ੍ਰੰਥ ਸਹਿਬ ਜੀ ਸੇਵਾ ਕੇਂਦਰ

## ਗੁਰਮਤਿ ਵਿਦਿਆਲਾ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁੱਖੀ ਦਮਦਮੀ ਟਕਸਾਲ ਯਾਦਗਾਰੀ ਅਸਥਾਨ ਬਾਬਾ ਠਾਕੁਰ ਸਿੰਘ ਜੀ ਖਾਲਸਾ ਭਿੰਡਰਾਂਵਾਲੇ

### ਨਵਾਂ ਗੁਰਮਤਿ ਵਿਦਿਆਲਾ ਅਤੇ ਖੇਡ ਸਹੂਲਤਾਂ ਦੇ ਪ੍ਰੋਜੈਕਟ

24 ਦਸੰਬਰ 2021 ਨੂੰ ਦਮਦਮੀ ਟਕਸਾਲ ਜਥਾ (ਯੂ.ਕੇ. & ਯੂਰਪ) ਦੀ ਨੁਮਾਇੰਦਗੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਾਧਸੰਗਤ ਦੀ ਹਜ਼ੂਰੀ ਵਿਚ ਪੰਜ ਸਿੰਘਾਂ ਦੀ ਨਿਯੁਕਤੀ ਕੀਤੀ ਗਈ ਸੀ।

ਪਿਛਲੇ 2 ਸਾਲਾਂ ਤੋਂ ਸੇਵਾਦਾਰ ਇੱਕ ਜਗ੍ਹਾ ਦੀ ਖੋਜ ਕਰ ਰਹੇ ਸਨ ਜਿੱਥੇ ਗੁਰਮਤਿ ਵਿਦਿਆਲਾ ਬਣੇ ਅਤੇ ਸਪੋਰਟਸ ਦੀਆਂ ਸਹੂਲਤਾਂ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਰਪਾ ਨਾਲ ਅਸਥਾਨ ਬਣਾਉਣ ਲਈ ਜਗ੍ਹਾ ਦੀ ਭਾਲ ਕਰ ਰਹੇ ਸੀ ਜੋ ਹੁਣ ਸਾਨੂੰ ਲੱਭ ਗਈ ਹੈ ਅਤੇ ਹੁਣ ਖਰੀਦਣ ਲਈ ਯਤਨ ਜਾਰੀ ਹਨ।

ਵੈਸਟ ਮਿਡਲੈਂਡਜ਼ ਵਿੱਚ, M5 ਮੋਟਰਵੇਅ 'ਤੇ ਜੰਕਸ਼ਨ 2 ਤੋਂ ਇੱਕ ਮੀਲ ਦੀ ਦੂਰੀ ਤੇ ਇਹ ਜਗ੍ਹਾ ਹੈ ਜਿਸ ਵਿਚ ਕਾਰ ਪਾਰਕ, ਫੁੱਟਬਾਲ ਪਿੱਚ ਅਤੇ ਇਮਾਰਤ ਸਮੇਤ 4.6 ਏਕੜ ਜਗ੍ਹਾ ਹੈ (ਜੋ ਪਹਿਲਾਂ ਸਮਾਜਿਕ ਅਤੇ ਖੇਡ ਕਲੱਬ ਵਜੋਂ ਵਰਤਿਆ ਜਾਂਦਾ ਸੀ)।

ਜਗ੍ਹਾ ਨੂੰ ਖਰੀਦਣ ਦੇ ਤਿੰਨ ਮੁੱਖ ਕਾਰਣ ਹਨ:

1. ਗੁਰਬਾਣੀ ਦੀ ਸੰਥਿਆ, ਕਥਾ, ਕੀਰਤਨ ਅਤੇ ਗਤਕਾ ਸਿਖਾਉਣ ਲਈ ਗੁਰਮਤਿ ਵਿਦਿਆਲਾ ਜਿੱਥੇ ਸਿਖਾਏ ਉਸਤਾਦ ਭਵਿੱਖ ਦੇ ਪਾਠੀ, ਗਿਆਨੀ, ਰਾਗੀ, ਗਤਕਾ ਖਿਡਾਰੀ ਤਿਆਰ ਕਰ ਸਕਣ ਅਤੇ ਸਾਡੇ ਬੱਚੇ ਪਵਿੱਤਰ ਗੁਰਮਤਿ ਵਿੱਦਿਆ ਧਾਰਨ ਕਰ ਸਕਣ। ਇਸ ਤੋਂ ਇਲਾਵਾ ਇੱਕ ਵਿੱਦਿਅਕ ਸੈਂਟਰ ਜਿੱਥੇ ਬੱਚਿਆਂ ਨੂੰ ਗੁਰਮੁਖੀ ਅਤੇ ਪੰਜਾਬੀ ਦੇ ਨਾਲ ਦੁਨਿਆਵੀ/ਸਕੂਲੀ ਵਿੱਦਿਆ ਵਿਚ ਮਦਦ ਲਈ ਖਾਸ ਪ੍ਰਬੰਧ ਹੋਵੇਗਾ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਸੇਵਾ, ਪੋਥੀ ਸਾਹਿਬ ਅਤੇ ਗੁਟਕਾ ਸਾਹਿਬ ਦੀਆਂ ਸੇਵਾਵਾਂ ਗੁਰਬਾਣੀ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਕਰ ਸਕੀਏ।
3. ਸਮਾਜਕ ਭਾਈਚਾਰੇ ਲਈ ਆਧੁਨਿਕ ਖੇਡਾਂ ਦੀ ਸਹੂਲਤ ਲਈ ਸਪੋਰਟਸ ਅਕੈਡਮੀ ਜਿਸ ਵਿੱਚ, ਫੁੱਟਬਾਲ ਪਿੱਚ, ਜਿੰਮ, ਮਾਰਸ਼ਲ ਆਰਟਸ ਤੋਂ ਇਲਾਵਾ ਹੋਰ ਖੇਡਾਂ ਲਈ ਆਧੁਨਿਕ ਸਾਧਨ ਹੋਣਗੇ।

ਇਹ ਸੇਵਾਵਾਂ ਆਪ ਸਭ ਸੰਗਤ ਦੇ ਨਿਰੰਤਰ ਸਹਿਯੋਗ ਨਾਲ ਹੀ ਸਫਲ ਹੋ ਸਕਦੀਆਂ ਹਨ ਸਾਧ ਸੰਗਤ ਜੀ। ਅਸੀਂ ਤੁਹਾਡੇ ਚਰਨਾਂ ਵਿਚ ਬੇਨਤੀ ਕਰਦੇ ਹਾਂ ਕਿ ਕਿਰਪਾ ਕਰਕੇ ਇਹ ਸੇਵਾਵਾਂ ਵਿੱਚ ਆਪਣੀਆਂ ਕਿਰਤ ਕਮਾਈਆਂ ਵਿੱਚੋਂ ਵੱਧ ਤੋਂ ਵੱਧ ਹਿੱਸਾ ਪਾ ਕੇ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਪੂਰਾ ਸਹਿਯੋਗ ਦੇਵੋ ਤਾਂ ਜੋ ਇਹ ਜਗ੍ਹਾ ਖਰੀਦ ਸਕੀਏ ਇਹ ਜਗ੍ਹਾ £650,000 ਦੀ ਹੈ ਆਪਜੀ ਦੇ ਸਹਿਯੋਗ ਨਾਲ ਇਹ ਸਭ ਕੁਝ ਹੋ ਸਕਦਾ ਹੈ। ਇੱਕ ਵਾਰ ਸੇਵਾ ਦੇਣੀ ਜਾਂ ਪ੍ਰਤੀ ਮਹੀਨਾਵਾਰ ਸਟੈਂਡਿੰਗ ਆਰਡਰ ਸਥਾਪਤ ਕਰਨਾ ਜਿਵੇਂ ਆਪਜੀ ਨੂੰ ਚੰਗਾ ਲੱਗੇ ਆਪ ਸਮੂਹ ਸਾਧ ਸੰਗਤ ਆਪਣਾ ਪੂਰਾ ਸਹਿਯੋਗ ਦੇ ਕੇ ਇਸ ਕਾਰਜ ਨੂੰ ਸਫਲ ਕਰੋ ਜੀ।


**ਆਪਣਾ ਯੋਗਦਾਨ ਹੇਠ ਲਿਖੇ ਬੈਂਕ ਅਕਾਊਂਟ ਵਿੱਚ ਭੇਜ ਸਕਦੇ ਹੋ ਜੀ:**

| NATWEST BANK | |
|---|---|
| ACCOUNT NAME | DAMDAMI TAKSAL UK |
| ACOUNT NUMBER | 66477778 |
| SORT CODE | 60-15-26 |

ਨੋਟ: ਕਿਰਪਾ ਕਰਕੇ ਆਪਣਾ ਪੂਰਾ ਨਾਮ ਬੈਂਕ ਟਰਾਂਸਫਰ ਦੀ ਰੈਫਰੰਸ ਵਜੋਂ ਜ਼ਰੂਰ ਲਿਖੋ ਜੀ। ਧੰਨਵਾਦ।



ਮੌਜੂਦਾ ਬਿਲਡਿੰਗ ਜੋ ਕਿ ਇੱਕ ਫੁੱਟਬਾਲ ਕਲੱਬ ਦੇ ਤੌਰ ਤੇ ਵਰਤੀ ਜਾ ਰਹੀ ਸੀ ਉਸਦਾ ਨਕਸ਼ਾ



ਜ਼ਮੀਨ ਦੀ ਹੱਦਬੰਦੀ (Scale 1: 1250)

ਦਮਦਮੀ ਟਕਸਾਲ ਜਥਾ ਭਿੰਡਰਾਂ ਯੂ ਕੇ



ਸਮੁੱਚੀ ਜ਼ਮੀਨ ਦੀ ਹੱਦ ਅਤੇ ਨਿਸ਼ਾਨਦੇਹੀ

Stay Connected:
email: info@damdamitaksal.co.uk

DamdamiTaksalUKJathaBhindran

## ਜਾਰੀ ਕਰਤਾ ਦਮਦਮੀ ਟਕਸਾਲ ਯੂ.ਕੇ. ਅਤੇ ਯੂਰਪ

- ਗਿਆਨੀ ਸੋਹਣ ਸਿੰਘ ਜੀ
- ਗਿਆਨੀ ਗੁਰਜਿੰਦਰ ਸਿੰਘ ਜੀ
- ਗਿਆਨੀ ਸੁਖਰਾਜ ਸਿੰਘ ਜੀ
- ਗਿਆਨੀ ਗੁਰਜੰਟ ਸਿੰਘ ਜੀ
- ਗਿਆਨੀ ਸੁਖਬੀਰ ਸਿੰਘ ਜੀ

--: ਸੰਪਰਕ ਨੰਬਰ :--
07877017219,
07400830403
07856786642

**ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।**

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net


# ਕਾਂਗਰਸ ਦੇ ਸਾਬਕਾ ਆਗੂਆਂ ਪੰਜਾਬ 'ਚ ਭਾਜਪਾ ਕੀਤੀ ਹਾਈਜੈਕ, ਟਿਕਟ ਦੇ ਦਾਅਵੇਦਾਰਾਂ ਦੇ ਚੇਹਰੇ ਮੁਰਝਾਏ

**ਲੰਡਨ, 27 ਮਾਰਚ (ਸਰਬਜੀਤ ਸਿੰਘ ਬਨੂੜ)**-ਲੁਧਿਆਣਾ ਤੋਂ ਸੰਸਦ ਮੈਂਬਰ ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਪੰਜਾਬ ਵਿੱਚ ਭਾਵੇਂ ਪਾਰਟੀ ਮਜ਼ਬੂਤ ਸਥਿਤੀ ਬਣਾਉਂਦੀ ਨਜ਼ਰ ਆ ਰਹੀ ਹੈ ਪਰੰਤੂ ਉੱਥੇ ਹੀ ਟਕਸਾਲੀ ਭਾਜਪਾ ਆਗੂ ਤੇ ਮਿਹਨਤੀ ਵਰਕਰ ਆਪਣੇ ਆਪ ਨੂੰ ਲੁੱਟੇ ਮਹਿਸੂਸ ਹੁੰਦੇ ਜਾਪ ਰਹੇ ਹਨ। ਉੱਥੇ ਹੀ ਪੰਜਾਬ 'ਚ ਭਾਜਪਾ ਸ਼੍ਰੋਮਣੀ ਅਕਾਲੀ ਦਲ ਨਾਲ ਗੱਠ ਜੋੜ ਦੀਆਂ ਸੰਭਾਵਨਾਵਾਂ ਖਤਮ ਹੋਣ ਕਾਰਨ ਭਾਜਪਾ ਬਗੈਰ ਸ਼੍ਰੋਮਣੀ ਅਕਾਲੀ ਦਲ ਦਾ ਗ੍ਰਾਫ ਹੇਠ ਡਿੱਗਣ ਦੇ ਅਸਾਰ ਬਣ ਗਏ ਹਨ।




ਸ਼੍ਰੋਮਣੀ ਅਕਾਲੀ ਦਲ ਦੇ ਪੰਥਕ ਮੁੱਦਿਆਂ ਵੱਲ ਵਾਪਸੀ ਲਈ ਵਿਦੇਸ਼ੀ ਸਿੱਖਾਂ ਵੱਲੋਂ ਬਾਦਲ ਪਰਿਵਾਰ

ਆਵਾਜ਼ਿ ਕੌਮ AWAZE QAUM International Newspaper & WEB TV

ਨੂੰ ਪਾਰਟੀ ਵਿੱਚੋਂ ਕਿਨਾਰਾ ਕਰ ਅਕਾਲੀ ਦਲ ਨੂੰ ਮਜ਼ਬੂਤ ਕਰਨ ਦੀਆਂ ਚਾਰਜੋਈ ਪਿਛਲੇ ਲੰਬੇ ਸਮੇਂ ਤੋਂ ਚੱਲ ਰਹੀ ਹੈ ਪਰੰਤੂ ਟਕਸਾਲੀ ਆਗੂ ਅਜਿਹਾ ਕੋਈ ਕ੍ਰਿਸ਼ਮਾ ਨਾ ਕਰ ਮੁੜ ਬਾਦਲ ਪਰਿਵਾਰ ਨੂੰ ਆਪਣਾ ਤੇ ਪਰਿਵਾਰਕ ਮੈਂਬਰਾਂ ਦਾ ਭਵਿੱਖ ਸਮਝ ਮੁੜ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਦੋਵੇਂ ਪਾਰਟੀਆਂ ਦੇ ਬਹੁਤੇ ਆਗੂਆਂ ਦਾ ਮੰਨਣਾ ਹੈ ਕਿ ਗੱਠ ਬੰਧਨ ਤੋਂ ਬਗੈਰ ਦੋਵੇਂ ਪਾਰਟੀਆਂ ਨੂੰ ਨੁਕਸਾਨ ਹੋਵੇਗਾ ਪਰੰਤੂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਦੋਵਾਂ ਪਾਰਟੀ ਵਿੱਚ ਗੱਠ ਜੋੜ ਹੋਣ ਦੇ ਅਸਾਰ ਹੁਣ ਮੱਧਮ ਤੇ ਖਤਮ ਹੋ ਗਏ ਹਨ।

> ☛ ਕਾਂਗਰਸ ਐਮ. ਪੀ. ਦੀ ਸ਼ਮੂਲੀਅਤ ਨਾਲ ਲੁਧਿਆਣਾ ਵਿੱਚ ਭਾਜਪਾ ਮਜ਼ਬੂਤੀ ਵੱਲ ☛ ਸ਼੍ਰੋਮਣੀ ਅਕਾਲੀ ਦਲ ਨਾਲ ਗੱਠ ਜੋੜ ਦੀਆਂ ਸੰਭਾਵਨਾਵਾਂ ਖਤਮ

ਭਾਜਪਾ ਸ਼੍ਰੋਮਣੀ ਅਕਾਲੀ ਦਲ ਸਰਕਾਰਾਂ ਸਮੇਂ ਹੋਈ ਗਲਤੀਆਂ ਕਾਰਨ ਦੋਵੇਂ ਪਾਰਟੀਆਂ ਦਾ ਪੰਜਾਬ ਵਿੱਚ ਗ੍ਰਾਫ ਮਨਫੀ ਬਰਾਬਰ ਸੀ ਪਰੰਤੂ ਕਾਂਗਰਸ ਦੇ ਸਾਬਕਾ ਪ੍ਰਧਾਨਾਂ, ਮੰਤਰੀਆਂ ਐਮ ਐਲ ਏ ਨਾਲ ਪਾਰਟੀ ਨੂੰ ਪੰਜਾਬ ਵਿੱਚ ਮਜ਼ਬੂਤੀ ਮਿਲੀ ਹੈ ਪਰੰਤੂ ਪਾਰਟੀ ਲਈ ਦਿਨ ਰਾਤ ਇੱਕ ਕਰਨ ਵਾਲੇ ਬਹੁਤੇ ਆਗੂਆਂ ਨੂੰ ਵਫ਼ਾਦਾਰੀ ਲਈ ਉੱਚ ਅਹੁਦਿਆਂ ਤੋਂ ਬਗੈਰ ਕੁਝ ਪ੍ਰਾਪਤ ਨਹੀਂ ਹੋਇਆ ਜਿਸ ਦੀ ਵੱਡੀ ਮਿਸਾਲ ਭਾਜਪਾ ਦੇ ਸੀਨੀਅਰ ਆਗੂ ਹਰਜੀਤ ਸਿੰਘ ਗਰੇਵਾਲ ਤੇ ਚੰਡੀਗੜ੍ਹ ਤੋਂ ਜੋਸ਼ੀ ਪਰਿਵਾਰ ਹਨ। ਪਟਿਆਲਾ, ਅੰਮ੍ਰਿਤਸਰ, ਗੁਰਦਾਸਪੁਰ, ਚੰਡੀਗੜ੍ਹ, ਜਲੰਧਰ, ਲੁਧਿਆਣਾ ਆਦਿ ਤੋਂ ਲੋਕ ਸਭਾ ਦੇ ਸਾਬਕਾ ਕਾਂਗਰਸ ਆਗੂਆਂ ਜਾਂ ਹਵਾਈ ਛੱਤਰੀ ਨਾਲ ਉੱਤਰੇ ਸੰਭਾਵੀ ਉਮੀਦਵਾਰ ਸਾਹਮਣੇ ਆ ਚੁੱਕੇ ਹਨ ਉੱਥੇ ਹੀ ਫਰੀਦਕੋਟ ਤੋਂ ਕਾਂਗਰਸ ਦੇ ਸੰਸਦ ਮੈਂਬਰ ਮਹੁੰਮਦ ਸਦੀਕ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਚਰਚੇ ਗਰਮ ਚੱਲ ਰਹੇ ਹਨ ਜੋ ਕੈਪਟਨ ਅਮਰਿੰਦਰ ਸਿੰਘ ਦੇ ਨਜਦੀਕੀ ਸਾਥੀਆਂ ਵਿੱਚੋਂ ਇੱਕ ਹਨ। ਭਾਜਪਾ ਵਿੱਚ ਕਾਂਗਰਸ ਆਗੂਆਂ ਦੇ ਸ਼ਾਮਲ ਹੋਣ ਨਾਲ ਸ਼੍ਰੋਮਣੀ ਅਕਾਲੀ ਦਲ ਲਈ ਗੱਠ ਜੋੜ ਹੋਣ ਦੇ ਅਸਾਰ ਹੁਣ ਉਸ ਲਈ ਗਲੇ ਦੀ ਹੱਡੀ ਬਣਦਾ ਨਜ਼ਰ ਆ ਰਹੇ ਹਨ ਕਿਉ ਕਿ ਰਵਨੀਤ ਬਿੱਟੂ ਦੇ ਦਾਦੇ ਬੇਅੰਤ ਸਿੰਘ ਦੇ ਕਾਂਗਰਸ ਦੇ ਰਾਜ ਸਮੇਂ ਪੰਜਾਬ ਵਿੱਚ ਅਣ ਗਿਣਤ ਝੂਠੇ ਪੁਲਸ ਮੁਕਾਬਲਿਆਂ ਵਿੱਚ ਸਿੱਖ ਨੋਜਵਾਨਾਂ ਨੂੰ ਕਤਲ ਕੀਤਾ ਗਿਆ ਸੀ ਤੇ ਪੇਂਡੂ ਤੇ ਸ਼ਹਿਰੀ ਪੰਥਕ ਵੋਟਰਾਂ ਲਈ ਅਜਿਹੀ ਸਥਿਤੀ ਵਿੱਚ ਅਕਾਲੀ ਦਲ ਵਿੱਚ ਰਹਿਣਾ ਜ਼ਰੂਰ ਪਾਰਟੀ ਲਈ ਵੱਡੀ ਸਿਰਦਰਦੀ ਹੈ।

ਭਾਜਪਾ ਦੇ ਵੱਖ ਵੱਖ ਸੀਟਾਂ ਤੇ ਆਪਣੀ ਉਮੀਦਵਾਰੀ ਦਾ ਦਾਅਵਾ ਪੇਸ਼ ਕਰਦਿਆਂ ਦਾ ਪੱਤਾ ਕੱਟਣ ਕਾਰਨ ਪਾਰਟੀ ਨੂੰ ਕਾਂਗਰਸ ਵੱਲੋਂ ਹਾਈਜੈਕ ਹੋਣ ਦੀਆਂ ਗੱਲਾਂ ਕਰਨ ਲੱਗ ਪਾਏ ਹਨ ਪਰੰਤੂ ਪਾਰਟੀ ਲਈ ਵਫ਼ਾਦਾਰ ਹੋਣ ਕਾਰਨ ਕੋੜਾ ਘੁੱਟ ਪੀਣ ਲਈ ਮਜਬੂਰ ਹਨ।







# SANT BEANT SINGH JI

BER KALAN WALE | UK TOUR 2024

SAT 2ND MARCH - SUN 3RD MARCH: SOUTHAMPTON

MON 4TH MARCH - SUN 10TH MARCH 7:40-8:20PM:
NANAKSAR THATH ISHER DARBAR, WOLVERHAMPTON, WV3 0JU

MON 11TH MARCH - TUES 12TH MARCH 7:30-8:00PM:
GURU HAR RAI GURDWARA, WEST BROMWICH, B70 6JW

WED 13TH MARCH - FRI 15TH MARCH 6:45-7:45PM:
DARBAR SRI GURU GRANTH SAHIB JI, WALSALL, WS2 9EQ

SAT 16TH MARCH 7:30-8:00PM:
GURU HAR RAI GURDWARA, WEST BROMWICH, B70 6JW

SUN 17TH MARCH 2:00-3:00PM:
GURU HAR RAI GURDWARA, WEST BROMWICH, B70 6JW

SUN 17TH MARCH 6:30-7:30PM:
GURDWARA GURU NANAK PARKASH, COVENTRY, CV1 4FB

MON 18TH - SUN 24TH MARCH
7:30-8:15AM | 10:00-11:00AM | 6:30-7:15PM:
BABA SANG GURDWARA, SMETHWICK, B66 1EE

MON 25TH - SUN 31ST MARCH: SOUTHALL

SANT BEANT SINGH | WHATSAPP: +918530000006



ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛਕੋ

Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ


Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net

ਸਾਬਤ ਸੂਰਤਿ ਦਸਤਾਰ ਸਿਰਾ

## ਦਸਤਾਰਾਂ ਹੀ ਦਸਤਾਰਾਂ



## ਰੰਧਾਵਾ ਪਗੜੀ ਸੈਂਟਰ



ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜ਼ਾਰ, ਜਲੰਧਰ (ਪੰਜਾਬ)

ਸੰਪਰਕ ਨੰ.:

+91 98882-22446

# ASA Gas Heating Solution Ltd.

Boilers
Certificates
Gas Work
Cylinders
Maintenance Services
Gas Safety Inspections
Plumbing Work

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com

Call us now for a Free no-olbigation quote

# THE GURBANI SCHOOL

THE GURBANI SCHOOL

ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




ਆਵਾਜ਼ਿ ਕੌਮ AWAZE QAUM
International Newspaper & WEB TV

## INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION

8
## EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN

## AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION

ੳ A अ
## MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH



ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ
ਖਾਲਸਾਈ ਖੇਡਾਂ
ਮਿਤੀ 6 ਅਪ੍ਰੈਲ 2024 ਦਿਨ ਸ਼ਨੀਵਾਰ
ਗੱਤਕਾ ਕੱਪ
ਨਾਟਕ
ਕੋਰੀਉਗ੍ਰਾਫੀ
ਗੱਤਕਾ ਮੁਕਾਬਲੇ
ਆਵਾਜ਼ਿ ਕੌਮ AWAZE QAUM International Newspaper & WEB TV
ਆਰੰਭ ਸ੍ਰੀ ਆਖੰਡ ਪਾਠ ਸਾਹਿਬ ਮਿਤੀ : 4 ਅਪ੍ਰੈਲ ਦਿਨ ਵੀਰਵਾਰ
ਭੋਗ ਸ੍ਰੀ ਆਖੰਡ ਪਾਠ ਸਾਹਿਬ ਮਿਤੀ : 6 ਅਪ੍ਰੈਲ ਦਿਨ ਸ਼ਨੀਵਾਰ
ਗੁ: ਰੋੜੀ ਸਾਹਿਬ, ਪਿੰਡ ਡਾਲਾ (ਮੋਗਾ)
LIVE ON
Nihang TV
ਭੋਗ ਉਪਰੰਤ
ਭਾਈ ਮਨਧੀਰ ਸਿੰਘ ਖਾਲਸਾ
ਸੰਗਤਾ ਨੂੰ ਗੁਰਮਤਿ ਵਿਚਾਰਾਂ ਰਾਂਹੀ
ਨਿਹਾਲ ਕਰਨਗੇ
Sikh phulwari vikas gurmat kendar dala
Like us Facebook page
ਸਮਾਂ:- ਗੱਤਕਾ ਸ਼ਾਮ 6ਵਜੇ ਤੋਂ ਦੇਰ ਰਾਤ ਤੱਕ
ਸੰਪਰਕ : 94658-51126, 92172-11786
GURUJI FLEX MOGA
WALLPAPER
FLOOR MATT
FLEX, VINYAL, ONEWAY VISION PRINTING 98141-83619

# ਸੰਮਤ ੫੫੬ ਨਾਨਕਸ਼ਾਹੀ ਕੈਲੰਡਰ


ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ


ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ (ਬਠਿੰਡਾ)


ਤਖ਼ਤ ਸ੍ਰੀ ਹਜ਼ੂਰ ਸਾਹਿਬ ਅਬਿਚਲ ਨਗਰ (ਨੰਦੇੜ)




ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

(ਸੰਨ 2024-25)

### ਚੇਤ (ਮਾਰਚ-24 – ਅਪ੍ਰੈਲ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ (14 ਮਾਰਚ) | ੨ (15 ਮਾਰਚ) | ੩ (16 ਮਾਰਚ) |
| ੪ (17 ਮਾਰਚ) | ੫ (18 ਮਾਰਚ) | ੬ (19 ਮਾਰਚ) | ੭ (20 ਮਾਰਚ) | ੮ (21 ਮਾਰਚ) | ੯ (22 ਮਾਰਚ) | ੧੦ (23 ਮਾਰਚ) |
| ੧੧ (24 ਮਾਰਚ) | ੧੨ (25 ਮਾਰਚ) | ੧੩ (26 ਮਾਰਚ) | ੧੪ (27 ਮਾਰਚ) | ੧੫ (28 ਮਾਰਚ) | ੧੬ (29 ਮਾਰਚ) | ੧੭ (30 ਮਾਰਚ) |
| ੧੮ (31 ਮਾਰਚ) | ੧੯ (1 ਅਪ੍ਰੈਲ) | ੨੦ (2 ਅਪ੍ਰੈਲ) | ੨੧ (3 ਅਪ੍ਰੈਲ) | ੨੨ (4 ਅਪ੍ਰੈਲ) | ੨੩ (5 ਅਪ੍ਰੈਲ) | ੨੪ (6 ਅਪ੍ਰੈਲ) |
| ੨੫ (7 ਅਪ੍ਰੈਲ) | ੨੬ (8 ਅਪ੍ਰੈਲ) | ੨੭ (9 ਅਪ੍ਰੈਲ) | ੨੮ (10 ਅਪ੍ਰੈਲ) | ੨੯ (11 ਅਪ੍ਰੈਲ) | ੩੦ (12 ਅਪ੍ਰੈਲ) | |

### ਵੈਸਾਖ (ਅਪ੍ਰੈਲ-24 – ਮਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੦ (12 ਮਈ) | ੩੧ (13 ਮਈ) | | | | | ੧ (13 ਅਪ੍ਰੈਲ) |
| ੨ (14 ਅਪ੍ਰੈਲ) | ੩ (15 ਅਪ੍ਰੈਲ) | ੪ (16 ਅਪ੍ਰੈਲ) | ੫ (17 ਅਪ੍ਰੈਲ) | ੬ (18 ਅਪ੍ਰੈਲ) | ੭ (19 ਅਪ੍ਰੈਲ) | ੮ (20 ਅਪ੍ਰੈਲ) |
| ੯ (21 ਅਪ੍ਰੈਲ) | ੧੦ (22 ਅਪ੍ਰੈਲ) | ੧੧ (23 ਅਪ੍ਰੈਲ) | ੧੨ (24 ਅਪ੍ਰੈਲ) | ੧੩ (25 ਅਪ੍ਰੈਲ) | ੧੪ (26 ਅਪ੍ਰੈਲ) | ੧੫ (27 ਅਪ੍ਰੈਲ) |
| ੧੬ (28 ਅਪ੍ਰੈਲ) | ੧੭ (29 ਅਪ੍ਰੈਲ) | ੧੮ (30 ਅਪ੍ਰੈਲ) | ੧੯ (1 ਮਈ) | ੨੦ (2 ਮਈ) | ੨੧ (3 ਮਈ) | ੨੨ (4 ਮਈ) |
| ੨੩ (5 ਮਈ) | ੨੪ (6 ਮਈ) | ੨੫ (7 ਮਈ) | ੨੬ (8 ਮਈ) | ੨੭ (9 ਮਈ) | ੨੮ (10 ਮਈ) | ੨੯ (11 ਮਈ) |

### ਜੇਠ (ਮਈ-24 – ਜੂਨ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ (14 ਮਈ) | ੨ (15 ਮਈ) | ੩ (16 ਮਈ) | ੪ (17 ਮਈ) | ੫ (18 ਮਈ) |
| ੬ (19 ਮਈ) | ੭ (20 ਮਈ) | ੮ (21 ਮਈ) | ੯ (22 ਮਈ) | ੧੦ (23 ਮਈ) | ੧੧ (24 ਮਈ) | ੧੨ (25 ਮਈ) |
| ੧੩ (26 ਮਈ) | ੧੪ (27 ਮਈ) | ੧੫ (28 ਮਈ) | ੧੬ (29 ਮਈ) | ੧੭ (30 ਮਈ) | ੧੮ (31 ਮਈ) | ੧੯ (1 ਜੂਨ) |
| ੨੦ (2 ਜੂਨ) | ੨੧ (3 ਜੂਨ) | ੨੨ (4 ਜੂਨ) | ੨੩ (5 ਜੂਨ) | ੨੪ (6 ਜੂਨ) | ੨੫ (7 ਜੂਨ) | ੨੬ (8 ਜੂਨ) |
| ੨੭ (9 ਜੂਨ) | ੨੮ (10 ਜੂਨ) | ੨੯ (11 ਜੂਨ) | ੩੦ (12 ਜੂਨ) | ੩੧ (13 ਜੂਨ) | | |

### ਹਾੜ (ਜੂਨ-24 – ਜੁਲਾਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ (14 ਜੁਲਾਈ) | 32 (15 ਜੁਲਾਈ) | | | | ੧ (14 ਜੂਨ) | ੨ (15 ਜੂਨ) |
| ੩ (16 ਜੂਨ) | ੪ (17 ਜੂਨ) | ੫ (18 ਜੂਨ) | ੬ (19 ਜੂਨ) | ੭ (20 ਜੂਨ) | ੮ (21 ਜੂਨ) | ੯ (22 ਜੂਨ) |
| ੧੦ (23 ਜੂਨ) | ੧੧ (24 ਜੂਨ) | ੧੨ (25 ਜੂਨ) | ੧੩ (26 ਜੂਨ) | ੧੪ (27 ਜੂਨ) | ੧੫ (28 ਜੂਨ) | ੧੬ (29 ਜੂਨ) |
| ੧੭ (30 ਜੂਨ) | ੧੮ (1 ਜੁਲਾਈ) | ੧੯ (2 ਜੁਲਾਈ) | ੨੦ (3 ਜੁਲਾਈ) | ੨੧ (4 ਜੁਲਾਈ) | ੨੨ (5 ਜੁਲਾਈ) | ੨੩ (6 ਜੁਲਾਈ) |
| ੨੪ (7 ਜੁਲਾਈ) | ੨੫ (8 ਜੁਲਾਈ) | ੨੬ (9 ਜੁਲਾਈ) | ੨੭ (10 ਜੁਲਾਈ) | ੨੮ (11 ਜੁਲਾਈ) | ੨੯ (12 ਜੁਲਾਈ) | ੩੦ (13 ਜੁਲਾਈ) |

### ਸਾਵਣ (ਜੁਲਾਈ-24 – ਅਗਸਤ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ (16 ਜੁਲਾਈ) | ੨ (17 ਜੁਲਾਈ) | ੩ (18 ਜੁਲਾਈ) | ੪ (19 ਜੁਲਾਈ) | ੫ (20 ਜੁਲਾਈ) |
| ੬ (21 ਜੁਲਾਈ) | ੭ (22 ਜੁਲਾਈ) | ੮ (23 ਜੁਲਾਈ) | ੯ (24 ਜੁਲਾਈ) | ੧੦ (25 ਜੁਲਾਈ) | ੧੧ (26 ਜੁਲਾਈ) | ੧੨ (27 ਜੁਲਾਈ) |
| ੧੩ (28 ਜੁਲਾਈ) | ੧੪ (29 ਜੁਲਾਈ) | ੧੫ (30 ਜੁਲਾਈ) | ੧੬ (31 ਜੁਲਾਈ) | ੧੭ (1 ਅਗਸਤ) | ੧੮ (2 ਅਗਸਤ) | ੧੯ (3 ਅਗਸਤ) |
| ੨੦ (4 ਅਗਸਤ) | ੨੧ (5 ਅਗਸਤ) | ੨੨ (6 ਅਗਸਤ) | ੨੩ (7 ਅਗਸਤ) | ੨੪ (8 ਅਗਸਤ) | ੨੫ (9 ਅਗਸਤ) | ੨੬ (10 ਅਗਸਤ) |
| ੨੭ (11 ਅਗਸਤ) | ੨੮ (12 ਅਗਸਤ) | ੨੯ (13 ਅਗਸਤ) | ੩੦ (14 ਅਗਸਤ) | ੩੧ (15 ਅਗਸਤ) | | |

### ਭਾਦੋਂ (ਅਗਸਤ-24 – ਸਤੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ (15 ਸਤੰਬਰ) | | | | | ੧ (16 ਅਗਸਤ) | ੨ (17 ਅਗਸਤ) |
| ੩ (18 ਅਗਸਤ) | ੪ (19 ਅਗਸਤ) | ੫ (20 ਅਗਸਤ) | ੬ (21 ਅਗਸਤ) | ੭ (22 ਅਗਸਤ) | ੮ (23 ਅਗਸਤ) | ੯ (24 ਅਗਸਤ) |
| ੧੦ (25 ਅਗਸਤ) | ੧੧ (26 ਅਗਸਤ) | ੧੨ (27 ਅਗਸਤ) | ੧੩ (28 ਅਗਸਤ) | ੧੪ (29 ਅਗਸਤ) | ੧੫ (30 ਅਗਸਤ) | ੧੬ (31 ਅਗਸਤ) |
| ੧੭ (1 ਸਤੰਬਰ) | ੧੮ (2 ਸਤੰਬਰ) | ੧੯ (3 ਸਤੰਬਰ) | ੨੦ (4 ਸਤੰਬਰ) | ੨੧ (5 ਸਤੰਬਰ) | ੨੨ (6 ਸਤੰਬਰ) | ੨੩ (7 ਸਤੰਬਰ) |
| ੨੪ (8 ਸਤੰਬਰ) | ੨੫ (9 ਸਤੰਬਰ) | ੨੬ (10 ਸਤੰਬਰ) | ੨੭ (11 ਸਤੰਬਰ) | ੨੮ (12 ਸਤੰਬਰ) | ੨੯ (13 ਸਤੰਬਰ) | ੩੦ (14 ਸਤੰਬਰ) |

### ਅੱਸੂ (ਸਤੰਬਰ-24 – ਅਕਤੂਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | ੧ (16 ਸਤੰਬਰ) | ੨ (17 ਸਤੰਬਰ) | ੩ (18 ਸਤੰਬਰ) | ੪ (19 ਸਤੰਬਰ) | ੫ (20 ਸਤੰਬਰ) | ੬ (21 ਸਤੰਬਰ) |
| ੭ (22 ਸਤੰਬਰ) | ੮ (23 ਸਤੰਬਰ) | ੯ (24 ਸਤੰਬਰ) | ੧੦ (25 ਸਤੰਬਰ) | ੧੧ (26 ਸਤੰਬਰ) | ੧੨ (27 ਸਤੰਬਰ) | ੧੩ (28 ਸਤੰਬਰ) |
| ੧੪ (29 ਸਤੰਬਰ) | ੧੫ (30 ਸਤੰਬਰ) | ੧੬ (1 ਅਕਤੂਬਰ) | ੧੭ (2 ਅਕਤੂਬਰ) | ੧੮ (3 ਅਕਤੂਬਰ) | ੧੯ (4 ਅਕਤੂਬਰ) | ੨੦ (5 ਅਕਤੂਬਰ) |
| ੨੧ (6 ਅਕਤੂਬਰ) | ੨੨ (7 ਅਕਤੂਬਰ) | ੨੩ (8 ਅਕਤੂਬਰ) | ੨੪ (9 ਅਕਤੂਬਰ) | ੨੫ (10 ਅਕਤੂਬਰ) | ੨੬ (11 ਅਕਤੂਬਰ) | ੨੭ (12 ਅਕਤੂਬਰ) |
| ੨੮ (13 ਅਕਤੂਬਰ) | ੨੯ (14 ਅਕਤੂਬਰ) | ੩੦ (15 ਅਕਤੂਬਰ) | ੩੧ (16 ਅਕਤੂਬਰ) | | | |

### ਕੱਤਕ (ਅਕਤੂਬਰ-24 – ਨਵੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ (17 ਅਕਤੂਬਰ) | ੨ (18 ਅਕਤੂਬਰ) | ੩ (19 ਅਕਤੂਬਰ) |
| ੪ (20 ਅਕਤੂਬਰ) | ੫ (21 ਅਕਤੂਬਰ) | ੬ (22 ਅਕਤੂਬਰ) | ੭ (23 ਅਕਤੂਬਰ) | ੮ (24 ਅਕਤੂਬਰ) | ੯ (25 ਅਕਤੂਬਰ) | ੧੦ (26 ਅਕਤੂਬਰ) |
| ੧੧ (27 ਅਕਤੂਬਰ) | ੧੨ (28 ਅਕਤੂਬਰ) | ੧੩ (29 ਅਕਤੂਬਰ) | ੧੪ (30 ਅਕਤੂਬਰ) | ੧੫ (31 ਅਕਤੂਬਰ) | ੧੬ (1 ਨਵੰਬਰ) | ੧੭ (2 ਨਵੰਬਰ) |
| ੧੮ (3 ਨਵੰਬਰ) | ੧੯ (4 ਨਵੰਬਰ) | ੨੦ (5 ਨਵੰਬਰ) | ੨੧ (6 ਨਵੰਬਰ) | ੨੨ (7 ਨਵੰਬਰ) | ੨੩ (8 ਨਵੰਬਰ) | ੨੪ (9 ਨਵੰਬਰ) |
| ੨੫ (10 ਨਵੰਬਰ) | ੨੬ (11 ਨਵੰਬਰ) | ੨੭ (12 ਨਵੰਬਰ) | ੨੮ (13 ਨਵੰਬਰ) | ੨੯ (14 ਨਵੰਬਰ) | ੩੦ (15 ਨਵੰਬਰ) | |

### ਮੱਘਰ (ਨਵੰਬਰ-24 – ਦਸੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | | | ੧ (16 ਨਵੰਬਰ) |
| ੨ (17 ਨਵੰਬਰ) | ੩ (18 ਨਵੰਬਰ) | ੪ (19 ਨਵੰਬਰ) | ੫ (20 ਨਵੰਬਰ) | ੬ (21 ਨਵੰਬਰ) | ੭ (22 ਨਵੰਬਰ) | ੮ (23 ਨਵੰਬਰ) |
| ੯ (24 ਨਵੰਬਰ) | ੧੦ (25 ਨਵੰਬਰ) | ੧੧ (26 ਨਵੰਬਰ) | ੧੨ (27 ਨਵੰਬਰ) | ੧੩ (28 ਨਵੰਬਰ) | ੧੪ (29 ਨਵੰਬਰ) | ੧੫ (30 ਨਵੰਬਰ) |
| ੧੬ (1 ਦਸੰਬਰ) | ੧੭ (2 ਦਸੰਬਰ) | ੧੮ (3 ਦਸੰਬਰ) | ੧੯ (4 ਦਸੰਬਰ) | ੨੦ (5 ਦਸੰਬਰ) | ੨੧ (6 ਦਸੰਬਰ) | ੨੨ (7 ਦਸੰਬਰ) |
| ੨੩ (8 ਦਸੰਬਰ) | ੨੪ (9 ਦਸੰਬਰ) | ੨੫ (10 ਦਸੰਬਰ) | ੨੬ (11 ਦਸੰਬਰ) | ੨੭ (12 ਦਸੰਬਰ) | ੨੮ (13 ਦਸੰਬਰ) | ੨੯ (14 ਦਸੰਬਰ) |

### ਪੋਹ (ਦਸੰਬਰ-24 – ਜਨਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੧ (15 ਦਸੰਬਰ) | ੨ (16 ਦਸੰਬਰ) | ੩ (17 ਦਸੰਬਰ) | ੪ (18 ਦਸੰਬਰ) | ੫ (19 ਦਸੰਬਰ) | ੬ (20 ਦਸੰਬਰ) | ੭ (21 ਦਸੰਬਰ) |
| ੮ (22 ਦਸੰਬਰ) | ੯ (23 ਦਸੰਬਰ) | ੧੦ (24 ਦਸੰਬਰ) | ੧੧ (25 ਦਸੰਬਰ) | ੧੨ (26 ਦਸੰਬਰ) | ੧੩ (27 ਦਸੰਬਰ) | ੧੪ (28 ਦਸੰਬਰ) |
| ੧੫ (29 ਦਸੰਬਰ) | ੧੬ (30 ਦਸੰਬਰ) | ੧੭ (31 ਦਸੰਬਰ) | ੧੮ (1 ਜਨਵਰੀ) | ੧੯ (2 ਜਨਵਰੀ) | ੨੦ (3 ਜਨਵਰੀ) | ੨੧ (4 ਜਨਵਰੀ) |
| ੨੨ (5 ਜਨਵਰੀ) | ੨੩ (6 ਜਨਵਰੀ) | ੨੪ (7 ਜਨਵਰੀ) | ੨੫ (8 ਜਨਵਰੀ) | ੨੬ (9 ਜਨਵਰੀ) | ੨੭ (10 ਜਨਵਰੀ) | ੨੮ (11 ਜਨਵਰੀ) |
| ੨੯ (12 ਜਨਵਰੀ) | ੩੦ (13 ਜਨਵਰੀ) | | | | | |

### ਮਾਘ (ਜਨਵਰੀ-25 – ਫਰਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ (14 ਜਨਵਰੀ) | ੨ (15 ਜਨਵਰੀ) | ੩ (16 ਜਨਵਰੀ) | ੪ (17 ਜਨਵਰੀ) | ੫ (18 ਜਨਵਰੀ) |
| ੬ (19 ਜਨਵਰੀ) | ੭ (20 ਜਨਵਰੀ) | ੮ (21 ਜਨਵਰੀ) | ੯ (22 ਜਨਵਰੀ) | ੧੦ (23 ਜਨਵਰੀ) | ੧੧ (24 ਜਨਵਰੀ) | ੧੨ (25 ਜਨਵਰੀ) |
| ੧੩ (26 ਜਨਵਰੀ) | ੧੪ (27 ਜਨਵਰੀ) | ੧੫ (28 ਜਨਵਰੀ) | ੧੬ (29 ਜਨਵਰੀ) | ੧੭ (30 ਜਨਵਰੀ) | ੧੮ (31 ਜਨਵਰੀ) | ੧੯ (1 ਫਰਵਰੀ) |
| ੨੦ (2 ਫਰਵਰੀ) | ੨੧ (3 ਫਰਵਰੀ) | ੨੨ (4 ਫਰਵਰੀ) | ੨੩ (5 ਫਰਵਰੀ) | ੨੪ (6 ਫਰਵਰੀ) | ੨੫ (7 ਫਰਵਰੀ) | ੨੬ (8 ਫਰਵਰੀ) |
| ੨੭ (9 ਫਰਵਰੀ) | ੨੮ (10 ਫਰਵਰੀ) | ੨੯ (11 ਫਰਵਰੀ) | | | | |

### ਫੱਗਣ (ਫਰਵਰੀ-25 – ਮਾਰਚ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | ੧ (12 ਫਰਵਰੀ) | ੨ (13 ਫਰਵਰੀ) | ੩ (14 ਫਰਵਰੀ) | ੪ (15 ਫਰਵਰੀ) |
| ੫ (16 ਫਰਵਰੀ) | ੬ (17 ਫਰਵਰੀ) | ੭ (18 ਫਰਵਰੀ) | ੮ (19 ਫਰਵਰੀ) | ੯ (20 ਫਰਵਰੀ) | ੧੦ (21 ਫਰਵਰੀ) | ੧੧ (22 ਫਰਵਰੀ) |
| ੧੨ (23 ਫਰਵਰੀ) | ੧੩ (24 ਫਰਵਰੀ) | ੧੪ (25 ਫਰਵਰੀ) | ੧੫ (26 ਫਰਵਰੀ) | ੧੬ (27 ਫਰਵਰੀ) | ੧੭ (28 ਫਰਵਰੀ) | ੧੮ (1 ਮਾਰਚ) |
| ੧੯ (2 ਮਾਰਚ) | ੨੦ (3 ਮਾਰਚ) | ੨੧ (4 ਮਾਰਚ) | ੨੨ (5 ਮਾਰਚ) | ੨੩ (6 ਮਾਰਚ) | ੨੪ (7 ਮਾਰਚ) | ੨੫ (8 ਮਾਰਚ) |
| ੨੬ (9 ਮਾਰਚ) | ੨੭ (10 ਮਾਰਚ) | ੨੮ (11 ਮਾਰਚ) | ੨੯ (12 ਮਾਰਚ) | ੩੦ (13 ਮਾਰਚ) | | |

ਸੰਗਰਾਂਦ | ਮੱਸਿਆ | ਪੂਰਨਮਾਸੀ | ਗੁਰਪੁਰਬ | ਇਤਿਹਾਸਕ ਦਿਹਾੜੇ | ਸਰਕਾਰੀ ਛੁੱਟੀਆਂ | ਭਗਤ ਸਾਹਿਬਾਨ ਦੇ ਦਿਹਾੜੇ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ 556 | 01 ਚੇਤ |
| ਸ਼ਹੀਦੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ | 01 ਚੇਤ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ | 02 ਚੇਤ |
| ਸ਼ਹੀਦੀ ਸ. ਭਗਤ ਸਿੰਘ | 10 ਚੇਤ |
| ਸ਼ਹੀਦੀ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ ਜੀ | 12 ਚੇਤ |
| ਹੋਲਾ ਮਹੱਲਾ | 13 ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 25 ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 27 ਚੇਤ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | 27 ਚੇਤ |
| ਜੋਤੀ-ਜੋਤਿ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 30 ਚੇਤ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 01 ਵੈਸਾਖ |
| ਖ਼ਾਲਸਾ ਸਾਜਣਾ ਦਿਵਸ (ਵੈਸਾਖੀ) | 01 ਵੈਸਾਖ |
| ਸਿੱਖ ਦਸਤਾਰ ਦਿਵਸ | 01 ਵੈਸਾਖ |
| ਜਨਮ ਦਿਹਾੜਾ ਭਗਤ ਧੰਨਾ ਜੀ | 08 ਵੈਸਾਖ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 10 ਵੈਸਾਖ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 10 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 17 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 18 ਵੈਸਾਖ |
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | 21 ਵੈਸਾਖ |
| ਜਨਮ ਸ. ਜੱਸਾ ਸਿੰਘ ਜੀ ਰਾਮਗੜ੍ਹੀਆ | 23 ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 27 ਵੈਸਾਖ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | 30 ਵੈਸਾਖ |
| ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) | 03 ਜੇਠ |
| ਜਨਮ ਸ. ਜੱਸਾ ਸਿੰਘ ਜੀ ਆਹਲੂਵਾਲੀਆ | 05 ਜੇਠ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | 09 ਜੇਠ |
| ਸ਼ਹੀਦੀ ਸਾਕਾ ਪਾਉਂਟਾ ਸਾਹਿਬ | 09 ਜੇਠ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 18 ਜੇਠ |
| ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (1984) | 22 ਜੇਠ |
| ਸ਼ਹੀਦੀ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ | 24 ਜੇਠ |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 28 ਜੇਠ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | 09 ਹਾੜ |
| ਜਨਮ ਦਿਹਾੜਾ ਭਗਤ ਕਬੀਰ ਜੀ | 09 ਹਾੜ |
| ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ | 11 ਹਾੜ |
| ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ | 13 ਹਾੜ |
| ਬਰਸੀ ਮਹਾਰਾਜਾ ਰਣਜੀਤ ਸਿੰਘ ਜੀ | 15 ਹਾੜ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | 25 ਹਾੜ |
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | 01 ਸਾਵਣ |
| ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ | 01 ਸਾਵਣ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 14 ਸਾਵਣ |
| ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) | 24 ਸਾਵਣ |
| ਭਾਰਤ ਦਾ ਅਜ਼ਾਦੀ ਦਿਵਸ | 31 ਸਾਵਣ |
| ਜੋੜ-ਮੇਲਾ ਬਾਬਾ ਬਕਾਲਾ | 04 ਭਾਦੋਂ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 14 ਭਾਦੋਂ |
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 20 ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | 21 ਭਾਦੋਂ |
| ਜੋਤੀ-ਜੋਤਿ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 22 ਭਾਦੋਂ |
| ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ (ਬਟਾਲਾ) | 26 ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 01 ਅੱਸੂ |
| ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਜੋੜ-ਮੇਲਾ ਗੋਇੰਦਵਾਲ ਸਾਹਿਬ) 450 ਸਾਲਾ | 03 ਅੱਸੂ |
| ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | 07 ਅੱਸੂ |
| ਜੋਤੀ-ਜੋਤਿ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 12 ਅੱਸੂ |
| ਦਰਬਾਰ ਖ਼ਾਲਸਾ (ਦੁਸਹਿਰਾ) | 27 ਅੱਸੂ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | 03 ਕੱਤਕ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | 07 ਕੱਤਕ |
| ਜੋਤੀ-ਜੋਤਿ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 09 ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | 09 ਕੱਤਕ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | 14 ਕੱਤਕ |
| ਸ਼ਹੀਦੀ ਭਾਈ ਬੇਅੰਤ ਸਿੰਘ ਜੀ | 15 ਕੱਤਕ |
| ਬੰਦੀ ਛੋੜ ਦਿਵਸ (ਦੀਵਾਲੀ) | 16 ਕੱਤਕ |
| ਪੰਜਾਬੀ ਸੂਬਾ ਦਿਵਸ | 16 ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 18 ਕੱਤਕ |
| ਜਨਮ ਮਾਤਾ ਸਾਹਿਬ ਕੌਰ ਜੀ | 18 ਕੱਤਕ |
| ਜੋਤੀ-ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 21 ਕੱਤਕ |
| ਜਨਮ ਦਿਹਾੜਾ ਭਗਤ ਨਾਮਦੇਵ ਜੀ | 27 ਕੱਤਕ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ | 30 ਕੱਤਕ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | 30 ਕੱਤਕ |
| ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | 30 ਕੱਤਕ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | 13 ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੋਰਾਵਰ ਸਿੰਘ ਜੀ | 15 ਮੱਘਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | 19 ਮੱਘਰ |
| ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ | 19 ਮੱਘਰ |
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | 21 ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ | 29 ਮੱਘਰ |
| ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ | 29 ਮੱਘਰ |
| ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ | 06 ਪੋਹ |
| ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) | 07 ਪੋਹ |
| ਸ਼ਹੀਦੀ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | 08 ਪੋਹ |
| ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ | 09 ਪੋਹ |
| ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | 13 ਪੋਹ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਪੋਹ ਸੁਦੀ ਸੱਤਵੀਂ) | 23 ਪੋਹ |
| ਸ਼ਹੀਦੀ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ | 23 ਪੋਹ |
| ਨੀਂਹ ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | 01 ਮਾਘ |
| ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | 01 ਮਾਘ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | 14 ਮਾਘ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ (ਗੁਰੂ ਕਾ ਲਾਹੌਰ) | 20 ਮਾਘ |
| ਬਸੰਤ ਪੰਚਮੀ | 20 ਮਾਘ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) | 27 ਮਾਘ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 28 ਮਾਘ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | 29 ਮਾਘ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | 01 ਫੱਗਣ |
| ਸਾਕਾ ਨਨਕਾਣਾ ਸਾਹਿਬ | 10 ਫੱਗਣ |
| ਜੈਤੋ ਦਾ ਮੋਰਚਾ (ਫਰੀਦਕੋਟ) | 10 ਫੱਗਣ |

## ਪ੍ਰਕਾਸ਼ਕ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ.ਕੇ.

ਸੰਪਰਕ : +44 78139 53484, +44 75392 43163, +44 7976210161, +91 94788 97960 E-Mail : nsycuk1469@gmail.com, Web : www.nsycuk.com

ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥
ਖ਼ਾਲਸੇ ਮਹਿ ਹੌ ਕਰੌ ਨਿਵਾਸ ॥

# ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ

## Guru Nanak Gurdwara Cultural & Recreational Centre



ਵੱਲੋਂ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ

# ਧਾਰਮਿਕ ਸਮਾਗਮ

## 21 ਅਪ੍ਰੈਲ ਦਿਨ ਐਤਵਾਰ

### ★ ਪ੍ਰੋਗਰਾਮ ★

**21 ਅਪ੍ਰੈਲ ਸਵੇਰੇ 11ਵਜੇ ਸੁਖਮਨੀ ਸਾਹਿਬ ਜੀ ਦੇ ਪਾਠ ਹੋਣਗੇ।**

ਉਪਰੰਤ ਭਾਈ ਇੰਦਰਜੀਤ ਸਿੰਘ ਬੰਬੇ ਵਾਲੇ ਜਥਾ ਸਾਬਕਾ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅਤੇ ਢਾਡੀ ਜਥਾ ਭਾਈ ਰਸਾਲ ਸਿੰਘ ਜੀ ਵੱਲੋਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ਼ ਜੋੜ ਸਿੱਖ ਇਤਿਹਾਸ ਦੀਆਂ ਵਾਰਾਂ ਨਾਲ਼ ਅਤੇ ਰਸ ਭਿੰਨੇ ਕੀਰਤਨ ਨਾਲ਼ ਨਿਹਾਲ ਕੀਤਾ ਜਾਵੇਗਾ।

ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਜਥੇਬੰਦੀਆਂ ਦੇ ਆਗੂਆਂ ਅਤੇ ਇਲਾਕਾ ਨਿਵਾਸੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਮੇਂ ਸਿਰ ਪਹੁੰਚ ਕੇ ਗੁਰਬਾਣੀ, ਸਿੱਖ ਇਤਿਹਾਸ ਸਰਵਣ ਕਰਕੇ ਲਾਹਾ ਪ੍ਰਾਪਤ ਕਰੋ ਜੀ।

**ਉੱਘੀਆਂ ਪੰਥਕ ਸ਼ਖਸ਼ੀਅਤਾਂ ਵੀ ਇਸ ਸਮਾਗਮ ਆਪਣੇ ਵਿਚਾਰਾਂ ਨਾਲ਼ ਹਾਜ਼ਰੀ ਭਰਨਗੀਆ।**

### ★ ਪ੍ਰਬੰਧਕ ਕਮੇਟੀ ★



ਭਾਈ ਭਾਗ ਸਿੰਘ (ਪ੍ਰਧਾਨ), ਭਾਈ ਸਰਬਜੀਤ ਸਿੰਘ ਦਿਓਲ (ਮੀਤ ਪ੍ਰਧਾਨ), ਭਾਈ ਲਖਬੀਰ ਸਿੰਘ ਰਾਏ (ਜਨਰਲ ਸਕੱਤਰ), ਭਾਈ ਲਖਬੀਰ ਸਿੰਘ ਰੰਧਾਵਾ (ਮੀਤ ਸਕੱਤਰ), ਭਾਈ ਗੁਰਮੇਲ ਸਿੰਘ (ਸਟੇਜ ਸਕੱਤਰ), ਭਾਈ ਅਮਰੀਕ ਸਿੰਘ (ਖਜਾਨਚੀ), ਬੀਬੀ ਬਲਵਿੰਦਰ ਕੌਰ ਸੰਧਰ (ਜਥੇਦਾਰਨੀ), ਭਾਈ ਬਲਦੇਵ ਸਿੰਘ (ਹੈਲਥ ਮਨਿਸਟਰ), ਭਾਈ ਜਸਵੀਰ ਸਿੰਘ (ਮੀਤ ਖਜਾਨਚੀ), ਭਾਈ ਅਵਤਾਰ ਸਿੰਘ ਮੱਲ੍ਹੀ (ਬਿਲਡਿੰਗ ਮੈਨਟੀਨੈਂਸ), ਸਰਦਾਰ ਮਹਿੰਦਰ ਸਿੰਘ ਉੱਪਲ।

**ਬੇਨਤੀ ਕਰਤਾ: ਪ੍ਰਬੰਧਕ ਕਮੇਟੀ ਗੁਰੂ ਨਾਨਕ ਗੁਰਦਵਾਰਾ ਕਲਚਰਲ ਐਂਡ ਰੀਕਰੈਸ਼ਨਲ ਸੈਂਟਰ, ਪ੍ਰੈਸਿਟਨ ਅਤੇ ਸਮੂਹ ਸਾਧ ਸੰਗਤ**

**2-20 Tunbridge Street, Preston, Lancashire PR1 5YP**
**Contact : 01772-798 395/07958 683 500**

ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥

ਵਿਸਾਖੀ 1978 ਅਤੇ ਜੂਨ 1984 ਦੇ ਸ਼ਹੀਦਾਂ ਦੀ 40 ਸਾਲਾ ਯਾਦ ਵਿੱਚ ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ

# ਸਲਾਨਾ ਇੰਟਰਨੈਸ਼ਨਲ ਅਖੰਡ ਕੀਰਤਨ ਸਮਾਗਮ 25 ਮਾਰਚ ਤੋਂ 1 ਅਪ੍ਰੈਲ ਤੱਕ

# ਇੰਟਰਨੈਸ਼ਨਲ ਰੈਣ ਸਬਾਈ ਕੀਰਤਨ

## 30 ਮਾਰਚ ਐਤਵਾਰ ਸ਼ਾਮ 6:00 ਤੋਂ 1 ਅਪ੍ਰੈਲ 5:00 ਵਜੇ ਸਵੇਰ ਤੱਕ

VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਅਖੰਡ ਕੀਰਤਨੀ ਜਥਾ ਯੂ ਕੇ ਵੱਲੋਂ ਖਾਲਸਾ ਪੰਥ ਦੇ ਸਿਰਜਨਾ ਦਿਵਸ ਵਿਸਾਖੀ ਅਤੇ 1978 ਦੇ ਸ਼ਹੀਦਾਂ ਦੀ ਯਾਦ ਵਿਚ ਆਯੋਜਿਤ ਕੀਤੇ ਜਾ ਰਹੇ ਸਾਲਾਨਾ ਇੰਟਰਨੈਸ਼ਨਲ ਕੀਰਤਨ ਸਮਾਗਮਾਂ ਵਿਚ ਕੀਰਤਨ ਦੀਆਂ ਹਾਜ਼ਰੀਆਂ ਭਰਨ ਲਈ ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਉੱਘੇ ਕੀਰਤਨੀਏ ਪਹੁੰਚ ਰਹੇ ਹਨ। ਸਮੂਹ ਸਾਧ ਸੰਗਤ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਅਤੇ ਸਮੂਹ ਸਿੱਖ ਸੰਸਥਾਵਾਂ ਦੇ ਸੇਵਾਦਾਰਾਂ ਨੂੰ ਸਮਾਗਮਾਂ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਸਿੰਘ ਸਭਾ ਡਰਬੀ ਵਿਖੇ ਪਹੁੰਚ ਕੇ ਹਾਜ਼ਰੀਆਂ ਭਰੋ ਅਤੇ ਗੁਰੂ ਮਹਾਰਾਜ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ ਦਾ ਵੇਰਵਾ : ਸ੍ਰੀ ਅਖੰਡ ਪਾਠ ਸਾਹਿਬ

ਆਰੰਭ ਸੋਮਵਾਰ 25 ਮਾਰਚ ਸਵੇਰੇ 6:00 ਵਜੇ – ਭੋਗ ਬੁੱਧਵਾਰ 27 ਮਾਰਚ ਸ਼ਾਮ 6:00 ਵਜੇ
ਉਪ੍ਰੰਤ ਦੀਵਾਨ ਸਜੇਗਾ ਅਤੇ ਸ਼ਾਮ 6:00 ਤੋਂ 9:00 ਵਜੇ ਤੱਕ ਅਖੰਡ ਕੀਰਤਨ ਹੋਵੇਗਾ

### ਆਸਾ ਦੀ ਵਾਰ ਕੀਰਤਨ

ਵੀਰਵਾਰ 28 ਮਾਰਚ ਸਵੇਰੇ 6 ਵਜੇ ਆਰੰਭ
ਸ਼ੁੱਕਰਵਾਰ 29 ਮਾਰਚ ਸਵੇਰੇ 6 ਵਜੇ ਆਰੰਭ
ਸ਼ਨੀਵਾਰ 30 ਮਾਰਚ ਸਵੇਰੇ 6 ਵਜੇ ਆਰੰਭ

### ਸ਼ਾਮ ਨੂੰ ਪਾਠ ਰਹਿਰਾਸ ਤੇ ਕੀਰਤਨ

ਵੀਰਵਾਰ 28 ਮਾਰਚ ਸ਼ਾਮ 6:00 ਤੋਂ 9:00
ਸ਼ੁੱਕਰਵਾਰ 29 ਮਾਰਚ ਸ਼ਾਮ 6:00 ਤੋਂ 10:00
ਸ਼ਨੀਵਾਰ 30 ਮਾਰਚ ਸ਼ਾਮ 6:00 ਤੋਂ 12:00

# ਵਿਸ਼ੇਸ਼ ਪੰਥਕ ਗੋਸ਼ਟੀ

## 31 ਮਾਰਚ ਐਤਵਾਰ ਨੂੰ ਸਵੇਰੇ 11 ਤੋਂ 1 ਵਜੇ ਤੱਕ

ਹੇਠਾਂ ਲਿਖੇ ਬੁਲਾਰੇ ਵੱਖ ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਪੇਸ਼ ਕਰਨਗੇ

- ਪ੍ਰੋ: ਦਲਜੀਤ ਸਿੰਘ ਵਿਰਕ – ਅਖੰਡ ਕੀਰਤਨੀ ਜਥੇ ਵੱਲੋਂ ਸਿੱਖੀ ਦੇ ਪ੍ਰਚਾਰ ਲਈ ਯੋਗਦਾਨ
- ਪ੍ਰਿੰਸੀਪਲ ਸੁਜਿੰਦਰ ਸਿੰਘ ਸੰਘਾ – ਸਿੱਖ ਪੰਥ ਦੀ ਮੌਜੂਦਾ ਸਿਆਸੀ ਸਥਿਤੀ ਅਤੇ ਸਿੱਖਾਂ ਦਾ ਪੰਜਾਬ ਵਿੱਚ ਬੋਲਬਾਲਾ ਕਿਵੇਂ ਹੋਵੇ
- ਭਾਈ ਜੋਗਿੰਦਰ ਸਿੰਘ – ਗੁਰੂ ਡੰਮ੍ਹ, ਡੇਰਾਵਾਦ ਅਤੇ ਦੂਜੇ ਧਰਮਾਂ ਦਾ ਵੱਧ ਰਿਹਾ ਪ੍ਰਭਾਵ
- ਭਾਈ ਜੇਗਾ ਸਿੰਘ – 1978 ਅਤੇ ਜੂਨ 1984 ਦੇ ਸਾਕੇ ਅਤੇ ਪਾਕਿਸਤਾਨ ਵਿੱਚ ਗੁਰ ਅਸਥਾਨਾਂ ਦੀ ਹੋ ਰਹੀ ਕਾਰ ਸੇਵਾ ਬਾਰੇ ਚਾਨਣਾ ਪਾਉਣਗੇ
- ਭਾਈ ਬਲਬੀਰ ਸਿੰਘ ਬੈਂਸ – ਬੰਦੀ ਸਿੰਘਾਂ ਤੇ ਅੰਮ੍ਰਿਤਪਾਲ ਸਿੰਘ ਦੇ ਸਾਥੀਆਂ ਦੀ ਰਿਹਾਈ
- ਮਨਪ੍ਰੀਤ ਸਿੰਘ (wsp)– ਖਾਲਸਾ ਹਲੇਮੀ ਰਾਜ ਦੀ ਜ਼ਰੂਰਤ ਤੇ ਸਰੋਕਾਰ (ਕਿਹੋ ਜਿਹਾ ਹੋਏਗਾ)
- ਤੇਜਾ ਸਿੰਘ – ਯੂ ਕੇ 'ਚ ਸਿੱਖ ਸਕੂਲਾਂ ਦਾ ਐਜੂਕੇਸ਼ਨ ਵਿੱਚ ਸਥਾਨ ਤੇ ਪ੍ਰਾਪਤੀਆਂ
- ਗੁਰਮੇਲ ਸਿੰਘ ਕੰਦੋਲਾ (ਸੁਪਰੀਮ ਸਿੱਖ ਕੌਂਸਲ) – ਬਰਤਾਨਵੀ ਸਰਕਾਰ ਵੱਲੋਂ ਅੱਤਵਾਦ ਸਬੰਧੀ ਬਣਾਏ ਗਏ ਨਵੇਂ ਕਾਨੂੰਨਾਂ ਦਾ ਸਿੱਖਾਂ ਉੱਤੇ ਅਸਰ ਹੋ ਸਕਦਾ ਹੈ
- ਰਣਜੀਤ ਸਿੰਘ ਰਾਣਾ – ਖਾਲਸਾ ਸਿਰਜਨਾ ਦੇ ਸੰਦਰਭ ਵਿੱਚ ਮੌਜੂਦਾ ਖਾਲਸਾ ਪੰਥ ਦੀ ਸਥਿਤੀ
- ਦੁਪਿੰਦਰਜੀਤ ਸਿੰਘ – ਖਾਲਸਾ ਹਲੇਮੀ ਰਾਜ ਦੀ ਸਥਾਪਤੀ ਲਈ ਰਣਨੀਤੀ ਕੀ ਹੋਵੇ
- ਡਾ: ਗੁਰਨਾਮ ਸਿੰਘ – ਸਿੱਖ ਮੀਡੀਆ ਦੀਆਂ ਜ਼ਿੰਮੇਵਾਰੀਆਂ ਅਤੇ ਚੁਣੌਤੀਆਂ




### ਅੰਮ੍ਰਿਤ ਸੰਚਾਰ 30 ਮਾਰਚ ਸ਼ਨਿਚਰਵਾਰ ਨੂੰ

30 ਮਾਰਚ 2024 ਦਿਨ ਸ਼ਨਿੱਚਰਵਾਰ ਨੂੰ ਦੁਪਹਿਰ 2:00 ਵਜੇ ਅੰਮ੍ਰਿਤ ਸੰਚਾਰ ਹੋ ਰਹੇ ਹਨ, ਅਭਿਲਾਖੀ ਸੱਜਣ ਤਿਆਰ ਬਰ ਤਿਆਰ ਹੋ, ਕੇਸ ਇਸ਼ਨਾਨ ਕਰ ਸਮੇਂ ਸਿਰ ਪਹੁੰਚਣ ਦੀ ਮਿਹਰਬਾਨੀ ਕਰਨ ਅਤੇ ਪ੍ਰਬੰਧਕਾਂ ਕੋਲ ਆਪਣੇ ਨਾਂ ਲਿਖਵਾ ਦੇਣ।



### ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਹਵਾਈ ਅੱਡੇ / ਟਰੇਨ ਸਟੇਸ਼ਨ ਤੋਂ ਲਿਆਉਣ ਲਈ
ਭਾਈ ਬਗੀਰ ਸਿੰਘ – 07908 266984
ਰਿਹਾਇਸ਼ ਦਾ ਪ੍ਰਬੰਧ – 07770 909680 / 07514 505239
ਨੋਟ:– ਆਪਣੇ ਸ਼ਹਿਰਾਂ ਵਿੱਚ ਟਰਾਂਸਪੋਰਟ ਬਾਰੇ ਜਾਣਕਾਰੀ ਲਈ ਅਖੰਡ ਕੀਰਤਨੀ ਜਥੇ ਦੇ ਸਥਾਨਕ ਸੇਵਾਦਾਰਾਂ ਨਾਲ ਸੰਪਰਕ ਕਰੋ ਜੀ

ਵੱਖ ਵੱਖ ਟੀ ਵੀ ਚੈਨਲਾਂ, ਸਿੰਘ ਸਭਾ ਯੂ ਟਿਊਬ ਅਤੇ ਅਖੰਡ ਕੀਰਤਨੀ ਜਥੇ ਦੇ ਇੰਟਰਨੈਟ ਰੇਡੀਓ ਵੱਲੋਂ ਸਮਾਗਮਾਂ ਦੀ ਕਵਰੇਜ ਦਿੱਤੀ ਜਾਵੇਗੀ

ਬੇਨਤੀ ਕਰਤਾ: **ਅਖੰਡ ਕੀਰਤਨੀ ਜਥਾ ਯੂ ਕੇ** – ਜਨਰਲ ਸੈਕਟਰੀ – ਭਾਈ ਦਲਜੀਤ ਸਿੰਘ ਵਿਰਕ

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ** – ਪ੍ਰਧਾਨ: ਭਾਈ ਰਘਬੀਰ ਸਿੰਘ, ਜ: ਸੈਕਟਰੀ: ਭਾਈ ਰਜਿੰਦਰ ਸਿੰਘ, ਖਜ਼ਾਨਚੀ: ਅਜੀਤ ਸਿੰਘ – 07533 362911

VENUE: GURDWARA SRI GURU SINGH SABHA, PRINCES STREET, DERBY, DE23 8NT. TEL: 01332 773010

ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸ਼੍ਰੀ ਮੁਖਵਾਕ ਸਾਹਿਬ ਜੀ ਕਥਾ ਹਾਜਰੀ ਭਰਨ ਉਪਰੰਤ

# ਨਿਹੰਗ ਸਿੰਘਾਂ ਵੱਲੋਂ ਖੇਡਿਆ ਗਿਆ ਹੋਲਾ ਮਹੱਲਾ

## ਦਮਦਮੀ ਟਕਸਾਲ ਦੀ ਬ੍ਰਾਂਚ ਅਸਥਾਨ ਗੁ: ਗੁਰਦਰਸ਼ਨ ਪ੍ਰਕਾਸ਼ ਸ਼੍ਰੀ ਅਨੰਦਪੁਰ ਸਾਹਿਬ ਜੀ ਵਿਖੇ ਕਥਾ ਦੀ ਹਾਜਰੀ ਅਤੇ ਸਮੁੱਚੇ ਜਥੇ ਦੁਆਰਾ ਗੁਲਾਲ ਦੁਆਰਾ ਮਹੱਲਾ ਖੇਡਿਆ ਗਿਆ।




ਖਾਲਸਾ ਪੰਥ ਦੇ ਜਾਹੋ ਜਲਾਲ ਦੇ ਪ੍ਰਤੀਕ ਹੋਲੇ ਮਹੱਲੇ ਦੇ ਦਿਹਾੜਿਆਂ 'ਤੇ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਸ਼੍ਰੀ ਅਨੰਦਪੁਰ ਸਾਹਿਬ ਜੀ ਵਿਖੇ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵੱਲੋਂ ਸ਼੍ਰੀ ਮੁਖਵਾਕ ਸਾਹਿਬ ਜੀ ਕਥਾ ਹਾਜਰੀ ਭਰੀ ਉਪਰੰਤ ਮੁੱਖ ਸਮਾਗਮ 'ਚ ਗੁਰਮਤਿ ਵਿਚਾਰਾ ਦੀ ਹਾਜਰੀ ਅਤੇ ਦਮਦਮੀ ਟਕਸਾਲ ਦੀ ਬ੍ਰਾਂਚ ਅਸਥਾਨ ਗੁ: ਗੁਰਦਰਸ਼ਨ ਪ੍ਰਕਾਸ਼ ਸ਼੍ਰੀ ਅਨੰਦਪੁਰ ਸਾਹਿਬ ਜੀ ਵਿਖੇ ਕਥਾ ਦੀ ਹਾਜਰੀ ਅਤੇ ਸਮੁੱਚੇ ਜਥੇ ਦੁਆਰਾ ਗੁਲਾਲ ਦੁਆਰਾ ਮਹੱਲਾ ਖੇਡਿਆ ਗਿਆ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ
AWAZE QAUM
International Newspaper & WEB TV


ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਹੋਲੇ ਮਹੱਲੇ ਨੂੰ ਸਮਰਪਿਤ 30 ਅਤੇ 31 ਮਾਰਚ ਨੂੰ

# ਮਹਾਨ ਗੁਰਮਤਿ ਸਮਾਗਮ

ਹੋਲੇ ਮਹੱਲੇ ਅਤੇ ਸ਼ਹੀਦੀ ਦਿਵਸ ਭਾਈ ਸੁਬੇਗ ਸਿੰਘ, ਭਾਈ ਸ਼ਹਬਾਜ਼ ਸਿੰਘ ਸਾਹਿਬ ਜੀ, ਜੋਤੀ ਜੋਤ ਬਾਬਾ ਗੁਰਦਿੱਤਾ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

☛ ਸ਼ਨੀਵਾਰ 30 ਮਾਰਚ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।
☛ ਐਤਵਾਰ 31 ਮਾਰਚ ਨੂੰ 6:30 ਸਵੇਰੇ ਚਓਪੈਹਿਰੇ ਦੇ ਪਾਠਾਂ ਦੀ ਅਰੰਭਤਾ ਹੋਵੇਗੀ 9:30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਸੁਰੀਲੀਆਂ ਆਵਾਜ਼ਾਂ ਵਿਚ ਢਾਡੀ ਜਥਾ ਭਾਈ ਦਲਵਿੰਦਰ ਸਿੰਘ (ਅਠੋਲਾ) ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।



ਢਾਡੀ ਜਥਾ
contecat italy +39 388 491 3144

ਕਥਾ ਵਾਚਕ ਬਾਬਾ ਹਰਜਿੰਦਰ ਸਿੰਘ ਦਮਦਮੀ ਟਕਸਾਲ ਵਾਲੇ ਅਤੇ ਕੀਰਤਨੀ ਜਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ। ☛ ਆਪਣਾ ਕੀਮਤੀ ਸਮਾਂ ਕੱਢ ਕੇ ਸਮਾਗਮਾ ਵਿਚ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

### ਐਨ. ਆਰ. ਆਈ. ਵੈਲਫੇਅਰ ਸੁਸਾਇਟੀ ਵੱਲੋਂ

# ਪਿੰਡ ਕੰਗ ਸਾਹਬੂ ਵਿਖੇ ਲਗਾਇਆ ਫਰੀ ਮੈਡੀਕਲ ਚੈੱਕਅਪ ਕੈਂਪ

## ☛ ਨਾਲ ਲੱਗਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਮਰੀਜ਼ ਚੈਕਅਪ ਕਰਵਾਉਣ ਲਈ ਪਹੁੰਚੇ ☛ ਪਿੰਡ ਵਾਸੀਆਂ ਵੱਲੋਂ ਐਨਆਰਆਈ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਤੇ ਹੋਰ ਪ੍ਰਬੰਧਕਾਂ ਦਾ ਧੰਨਵਾਦ












**ਨਕੋਦਰ/ਜਲੰਧਰ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਇੱਥੋਂ ਤਕਰੀਬਨ 8 ਕਿੱਲੋਮੀਟਰ ਨਕੋਦਰ ਜਲੰਧਰ ਹਾਈਵੇ ਤੇ ਸਥਿੱਤ ਪਿੰਡ ਕੰਗ ਸਾਹਬੂ ਸਰਕਾਰੀ ਸਕੂਲ ਵਿੱਖੇ ਐੱਨਆਰਆਈ ਵੈਲਫੇਅਰ ਸੁਸਾਇਟੀ ਵੱਲੋਂ ਹੋਰ ਦਾਨੀ ਸੱਜਣ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਫ ?ਰੀ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ ।ਇਸ ਕੈਂਪ ਵਿੱਚ ਕੈਂਸਰ ਦੇ ਮਾਹਰ ਡਾਕਟਰ ,ਜੋੜਾਂ ਦੇ ਮਾਹਰ ਡਾਕਟਰ,ਦਿਲ ਦੀਆਂ ਬਿਮਾਰੀਆਂ ਦੇ ਮਾਹਰ ਡਾਕਟਰ ਤੇ ਜਰਨਲ ਚੈਕਅਪ ਕਰਨ ਲਈ ਡਾਕਟਰਾਂ ਦੀ ਟੀਮ ਪਾਹੁੰਚੀ ਵਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਅਰਦਾਸ ਕਰਕੇ ਇਸ ਕੈਂਪ ਦੀ ਸ਼ੁਰੂ ਆਂਤ ਕੀਤੀ ਗਈ। ਜਾਣਕਾਰੀ ਦਿੰਦਿਆਂ ਬਲਜੀਤ ਸਿੰਘ ਯੂ ਕੇ ਤੇ ਮਾਸਟਰ ਰਵਿੰਦਰ ਸਿੰਘ ਤੇ ਹੋਰ ਪ੍ਰਬੰਧਕਾਂ ਨੇ ਦੱਸਿਆ ਕਿ ਸਿਹਤ ਸਹੂਲਤਾਂ ਸੰਬੰਧੀ ਕੈਂਪ ਲਗਾਉਣੇ ਸਮੇਂ ਦੀ ਮੁੱਖ ਲੋੜ ਹੈ ਤੇ ਪਿੰਡ ਕੰਗ ਸਾਹਬੂ ਵਿਖੇ ਸਮੇਂ ਸਮੇਂ ਤੇ ਐੱਨਆਰਆਈ ਤੇ ਪਿੰਡ ਵਾਸੀ ਸਹਿਯੋਗ ਕਰਕੇ ਇਹੋ ਜਹੇ ਉੱਪਰਾਲੇ ਕਰਦੇ ਰਹਿੰਦੇ ਹਨ। ਉਹਨਾ ਨੇ ਦੱਸਿਆ ਕਿ ਅੱਜ ਦੇ ਇਸ ਕੈਂਪ ਵਿੱਚ ਕੰਗ ਸਾਹਬੂ ਪਿੰਡ ਤੇ ਨਾਲ ਲੱਗਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਮਰੀਜ਼ ਚੈਕਅਪ ਕਰਵਾਉਣ ਲਈ ਪਾਹੁੰਚੇ ।ਉਹਨਾ ਦੱਸਿਆ ਕਿ ਕੈਂਪ ਵਿੱਚ ਔਰਤਾਂ ਦੇ ਰੋਗਾਂ ਦੇ ਮਾਹਰ ਡਾਕਟਰਾਂ ਨੇ ਖਾਸ ਕਰਕੇ ਕੈਂਸਰ ਸੰਬੰਧੀ ਚੈੱਕਅਪ ਕੀਤੇ ਤੇ ਵੱਡੀ ਗਿਣਤੀ ਵਿੱਚ ਔਰਤਾਂ ਨੇ ਇਸ ਕੈਂਪ ਦਾ ਲਾਭ ਉਠਾਇਆ ।ਪਹੁੰਚੇ ਹੋਈ ਮੈਡੀਕਲ ਦੀ ਟੀਮ ਵੱਲੋਂ ਕੁਲਦੀਪ ਸਿੰਘ ਈ ਆਰ ਰੋਟਰੀ ਕਲੱਬ ਤੇ ਹੋਰ ਡਾਕਟਰਾਂ ਨੇ ਮਰੀਜ਼ਾਂ ਨੂੰ ਬਿਮਾਰੀਆਂ ਸੰਬੰਧੀ ਜਾਗਰੂਕ ਕੀਤਾ ਤੇ ਸਮੇਂ ਸਿਰ ਅਪਣਾ ਚੈੱਕਅਪ ਕਰਵਾਉਣ ਲਈ ਕਿਹਾ ਤੇ ਉਹਨਾ ਨੇ ਕੰਗ ਸਾਹਬੂ ਐਨਆਰਆਈ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਤੇ ਹੋਰ ਪ੍ਰਬੰਧਕਾਂ ਦੀ ਪ੍ਰਸੰਸਾ ਕੀਤੀ ।ਜਾਣਕਾਰੀ ਅਨੁਸਾਰ ਇਸ ਕੈਂਪ ਨੂੰ ਕਾਮਯਾਬ ਕਰਨ ਲਈ ਬਲਜੀਤ ਸਿੰਘ ਯੂ ਕੇ , ਸਰਬਣ ਸਿੰਘ ,ਬਲਜਿੰਦਰ ਸਿੰਘ ਯੂ ਕੇ ,ਅਵਤਾਰ ਸਿੰਘ ਸੋਢੀ ਕੰਗ ,ਸਰਪੰਚ ਦੇਵ ਰਾਜ ,ਰਣਬੀਰ ਸਿੰਘ ਸਤਨਾਮ ਸਿੰਘ, ਤੇਜਿੰਦਰ ਸਿੰਘ, ਪ੍ਰਗਟ ਸਿੰਘ ,ਮਾਸਟਰ ਰਵਿੰਦਰ ਸਿੰਘ ,ਭਗਵੰਤ ਸਿੰਘ ਰੇਸ਼ਮ ਸਿੰਘ,ਰਕੇਸ਼ ਕੁਮਾਰ,ਇੰਸ਼ਿਵਨ ਸਿੰਘ ਪੰਚ ਆਦਿ ਨੇ ਯੋਗਦਾਨ ਪਾਇਆ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਐਨ. ਆਰ. ਆਈ. ਵੈਲਫੇਅਰ ਸੁਸਾਇਟੀ ਵੱਲੋਂ

# ਪਿੰਡ ਕੰਗ ਸਾਹਬੂ ਵਿਖੇ ਲਗਾਇਆ ਫਰੀ ਮੈਡੀਕਲ ਚੈੱਕਅਪ ਕੈਂਪ

☛ ਨਾਲ ਲੱਗਦੇ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਮਰੀਜ਼ ਚੈਕਅਪ ਕਰਵਾਉਣ ਲਈ ਪਹੁੰਚੇ ☛ ਪਿੰਡ ਵਾਸੀਆਂ ਵੱਲੋਂ ਐਨਆਰਆਈ ਵੈਲਫੇਅਰ ਸੁਸਾਇਟੀ ਦੇ ਮੈਂਬਰਾਂ ਤੇ ਹੋਰ ਪ੍ਰਬੰਧਕਾਂ ਦਾ ਧੰਨਵਾਦ





ਆਵਾਜ਼ਿ ਕੌਮ AWAZE QAUM International Newspaper & WEB TV










# ਹੋਲੇ ਮਹੱਲੇ ਤੋਂ ਬਾਅਦ ਵਿਸਾਖੀ ਜੋੜ ਮੇਲੇ ਦੀਆਂ ਤਿਆਰੀਆਂ ਬੁੱਢਾ ਦਲ ਦੇ ਹੈਡ ਕੁਆਰਟਰ ਵਿਖੇ ਸ਼ੁਰੂ

ਤਲਵੰਡੀ ਸਾਬੋ, 27 ਮਾਰਚ (ਗੁਰਜੰਟ ਸਿੰਘ ਨਥੇਹਾ)– ਹੋਲੇ ਮਹੱਲੇ ਦਾ ਇਤਿਹਾਸਕ ਮੇਲਾ ਮਨਾਉਣ ਉਪਰੰਤ ਸਮੁੱਚਾ ਖਾਲਸਾ ਪੰਥ, ਗੁਰੂ ਸਾਹਿਬ ਵੱਲੋਂ ਨਿਵਾਜਿਆ ਸਾਜਿਆ ਖਾਲਸਾ ਆਪਣਾ ਸਾਜਨਾ ਦਿਵਸ ਮਨਾਉਣ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਸਿਵਾਲਕ ਖੇਤਰ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਬਠਿੰਡਾ ਵਿਖੇ ਖਾਲਸਾਈ ਜੈਕਾਰੇ ਬਲਾਉਂਦਾ ਪੁਜੇਗਾ। ਬੁੱਢਾ ਦਲ ਦੇ ਹੈਡਕੁਆਟਰ ਵਿਖੇ ਸੇਵਾ ਨਿਭਾ ਰਹੇ ਬਾਬਾ ਅਰਜਨ ਸਿੰਘ ਸਿਵਜੀ, ਬਾਬਾ ਮੇਜਰ ਸਿੰਘ ਤਲਵੰਡੀ, ਬਾਬਾ ਜੱਸਾ ਸਿੰਘ ਤਲਵੰਡੀ ਨੇ ਸਾਂਝੇ ਤੌਰ ‘ਤੇ ਦਸਿਆ ਕਿ ਭਾਵੇਂ ਇਹ ਦਿਹਾੜਾ ਸਮੁੱਚੇ ਸਿੱਖ ਜਗਤ ਅੰਦਰ ਪੂਰੀ ਸ਼ਰਧਾ ਭਾਵਨਾ ਨਾਲ ਹਰ ਗੁਰੂਘਰ ਵਿੱਚ ਖਾਲਸਾਈ ਜਲੌਅ ਵਿੱਚ ਮਨਾਇਆ ਜਾਂਦਾ ਹੈ, ਪਰ ਖਾਸ ਕਰ ਸਿਵਾਲਕ ਖੇਤਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਮਾਲਵੇ ਦੀ ਧਰਤ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਸ਼ੇਸ਼ ਮਹੱਤਤਾ ਵਾਲੇ ਮਹੱਤਵਪੂਰਨ ਗੁਰ ਅਸਥਾਨ ਹਨ।ਉਨ੍ਹਾਂ ਕਿਹਾ ਕਿ ਬੁੱਢਾ ਦਲ ਦੇ ਹੈਡਕੁਆਰਟਰ ਗੁਰਦੁਆਰਾ ਦੇਗਸਰ ਬੇਰ ਸਾਹਿਬ, ਸ਼ਹੀਦ ਬਾਬਾ ਦੀਪ ਸਿੰਘ ਛਾਉਣੀ ਬੁੱਢਾ ਦਲ ਵਿਖੇ ਸਾਫ਼ ਸਫ਼ਾਈਆਂ ਅਤੇ ਇਮਾਰਤਾਂ ਨੂੰ ਸੰਵਾਰਨ ਲਈ ਰੰਗ ਰੋਗਨ ਦਾ ਕੰਮ ਚੱਲ ਰਿਹਾ ਹੈ। ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾਵਹੀਰ ਨਿਹੰਗ ਸਿੰਘਾਂ ਦੇ ਮੌਜੂਦਾ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿੱਚ ਬੁੱਢਾ ਦਲ ਦੇ ਹੈਡਕੁਆਰਟਰ ਵਿਖੇ ਵੱਡੀ ਪੱਧਰ ’ਤੇ ਖ਼ਾਲਸਾ ਸਾਜਨਾ ਦਿਵਸ ਵੈਸਾਖੀ ਜੋੜ ਮੇਲਾ ਵਿਸ਼ਾਲ ਪੱਧਰ ਤੇ ਮਨਾਇਆ ਜਾਂਦਾ ਹੈ ਜਿਸ ਦੀਆਂ ਪੰਥ ਵੱਲੋਂ ਤਿਆਰੀਆਂ ਆਰੰਭੀਆਂ ਗਈਆਂ ਹਨ। ਸਿੱਖ ਸੰਗਤਾਂ ਅਤੇ ਨਿਹੰਗ ਸਿੰਘ ਫੌਜਾਂ ਦੀ ਵੱਡੇ ਪੱਧਰ ਤੇ ਆਮਦ ਨੂੰ ਮੁੱਖ ਰੱਖਦਿਆਂ ਹੋਇਆ ਗੁਰੂ ਕੇ ਲੰਗਰਾਂ, ਰਿਹਾਇਸ਼ਾਂ, ਇਸ਼ਨਾਨ ਘਰਾਂ ਆਦਿ ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉੱਥੇ ਹੀ ਸਮੁੱਚੇ ਬੁੱਢਾ ਦਲ ਦੇ ਹੈਡ ਕੁਆਰਟਰ ਕੰਪਲੈਕਸ ਨੂੰ ਸੁੰਦਰ ਰੂਪ ਵਿੱਚ ਸੰਵਾਰਿਆ ਜਾ ਰਿਹਾ ਹੈ। ਉਨ੍ਹਾਂ ਹੋਰ ਦਸਿਆ ਕਿ ਪੰਥ ਬੁੱਢਾ ਦਲ ਵੱਲੋਂ ਗੁਰਦੁਆਰਾ ਦੇਗਸਰ ਬੇਰ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਛਾਉਣੀ ਬੁੱਢਾ ਦਲ ਵਿਖੇ 11 ਅਪ੍ਰੈਲ ਤੋਂ ਲੈ ਕੇ 14 ਅਪ੍ਰੈਲ ਤੱਕ ਵਿਸਾਖੀ ਪੁਰਬ ਪੂਰਨ ਤੌਰ ’ਤੇ ਪੁਰਾਤਨ ਸਿੱਖ ਮਰਯਾਦਾ ਅਨੁਸਾਰ ਮਨਾਇਆ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੁਆਰਾ ਬੁੱਢਾ ਦਲ ਨੂੰ ਬਖਸ਼ਿਸ਼ ਹੋਏ ਧੌਂਸੇ, ਨਗਾਰੇ, ਨਿਸ਼ਾਨਾਂ ਦੀ ਰਹਿਨੁਮਾਈ ਹੇਠ ਖਾਲਸਾਈ ਜਾਹੋ ਜਲਾਲ ਨਾਲ ਮਹੱਲਾ ਸਜਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਇਨ੍ਹਾਂ ਦੋਨਾਂ ਅਸਥਾਨਾਂ ’ਤੇ ਨਿਹੰਗ ਸਿੰਘ ਫ਼ੌਜਾਂ ਦੇਸ਼ ਵਿਦੇਸ਼ਾਂ ਵਿੱਚੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦੀਆਂ ਹਨ।

ਆਵਾਜ਼ਿ ਕੌਮ AWAZE QAUM International Newspaper & WEB TV






### ਭਾਈ ਮੰਝ ਸਾਹਿਬ ਰੋਡ 'ਕਲੋਨੀ ਖਾਲਸਾ ਐਵੀਨਿਊ' ਵਿਖੇ

# ਸੜਕ ਬਣਾਉਣ ਦਾ ਕੀਤਾ ਉਦਘਾਟਨ



**ਚੌਕ ਮਹਿਤਾ, 27 ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਭਾਈ ਮੰਝ ਸਾਹਿਬ ਰੋਡ ਖਾਲਸਾ ਐਵੀਨਿਊ ਕਲੋਨੀ ਵਿਖੇ ਇਲਾਕਾ ਨਿਵਾਸੀਆਂ ਨੂੰ ਕੱਚਾ ਰਸਤਾ ਹੋਣ ਕਰਕੇ ਭਾਰੀ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜੋ ਅੱਜ ਹਲਕਾ ਦੱਖਣੀ ਦੇ ਵਿਧਾਇਕ ਡਾ: ਇੰਦਰਬੀਰ ਸਿੰਘ ਨਿੱਝਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੜਕ ਬਨਾਉਣ ਦੀ ਸ਼ੁਰੂਆਤ ਸੀਨੀਅਰ ਆਪ ਆਗੂ ਸ਼ਮਸ਼ੇਰ ਸਿੰਘ ਖੰਡਿਆਂ ਵਾਲੇ ਅਤੇ ਕਲੋਨੀ ਪ੍ਰਧਾਨ ਅਵਤਾਰ ਸਿੰਘ ਖਾਲਸਾ ਵੱਲੋਂ ਸਾਂਝੇ ਤੌਰ ਤੇ ਕੀਤੀ। ਇਸ ਮੌਕੇ ਭਾਈ ਅਵਤਾਰ ਸਿੰਘ ਖਾਲਸਾ ਨੇ ਦੱਸਿਆ ਕਿ ਕਲੋਨੀ ਦੇ ਚਾਰ ਚੁਫੇਰੇ ਸਾਰੇ ਰਸਤੇ ਅਤੇ ਗਲੀਆਂ ਕੱਚੀਆਂ ਹੋਣ ਕਾਰਨ ਇਲਾਕਾ ਨਿਵਾਸੀਆਂ ਨੂੰ ਕਾਫੀ ਮੁਸ਼ਿਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜੋ ਅੱਜ ਅਸੀਂ ਸਮੂਹ ਕਲੋਨੀ ਨਿਵਾਸੀ ਸੜਕਾਂ ਬਣਾਉਣ ਦਾ ਕੰਮ ਸ਼ੁਰੂ ਹੋਣ ਤੇ ਹਲਕਾ ਦੱਖਣੀ ਦੇ ਵਿਧਾਇਕ ਡਾ: ਇੰਦਰਬੀਰ ਸਿੰਘ ਨਿੱਝਰ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਡੀ ਸਭ ਤੋਂ ਵੱਡੀ ਮੁਸ਼ਿਕਲ ਦਾ ਹੱਲ ਕਰਵਾਉਂਦੇ ਹੋਏ ਸੜਕ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ ਹੈ। ਗੱਲਬਾਤ ਕਰਦੇ ਹੋਏ ਆਪ ਆਗੂ ਸ਼ਮਸ਼ੇਰ ਸਿੰਘ ਖੰਡਿਆਂ ਵਾਲਿਆਂ ਨੇ ਕਿਹਾ ਕਿ ਜਦੋਂ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਉਦੋਂ ਤੋਂ ਹੀ ਹਲਕਾ ਦੱਖਣੀ ਦੇ ਵਿੱਚ ਰੋਜ਼ਾਨਾ ਹੀ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਜਾ ਰਹੇ ਹਨ ਤੇ ਲੋਕਾਂ ਨੂੰ ਮੁੱਢਲੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਪੰਜਾਬ ਦੇ ਵਿਕਾਸ ਕਾਰਜ ਕਰਵਾਉਣ ਲਈ ਕਿਸੇ ਤਰ੍ਹਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਬਿਨਾਂ ਭੇਦਭਾਵ ਇਲਾਕੇ ਚ ਵੱਡੀ ਪੱਧਰ ਤੇ ਵਿਕਾਸ ਕਰਵਾਏ ਜਾ ਰਹੇ ਹਨ।ਇਸ ਮੌਕੇ ਬਾਬਾ ਮਸ਼ਿੰਦਰ ਸਿੰਘ, ਬਾਬਾ ਨਿਰਮਲ ਸਿੰਘ, ਭੁਪਿੰਦਰ ਸਿੰਘ ਵੇਰਕੇ ਵਾਲੇ, ਰਮਨਦੀਪ ਸਿੰਘ, ਹਰਮਨਜੀਤ ਸਿੰਘ, ਗੁਰਜੀਤ ਸਿੰਘ, ਮਨੋਹਰ ਸਿੰਘ, ਜਗਦੀਪ ਸਿੰਘ, ਜਸਬੀਰ ਸਿੰਘ, ਵੈਦ ਸੁਰਿੰਦਰ ਸਿੰਘ ਸੋਨੂ, ਬੀਬੀ ਮਨਜੀਤ ਕੌਰ, ਬੀਬੀ ਜਸਵਿੰਦਰ ਕੌਰ ਭੋਲੀ, ਬੀਬੀ ਸੁਖਬੀਰ ਕੌਰ ਆਦਿ ਇਲਾਕਾ ਨਿਵਾਸੀ ਜ਼ਰ ਸਨ।

# ਸੁਖਵਿੰਦਰ ਸਿੰਘ ਫ਼ੌਜੀ ਦੀ ਮੌਤ ਸੱਕੀ, ਨਿਰਪੱਖਤਾ ਨਾਲ ਕੀਤੀ ਜਾਏ ਜਾਂਚ : ਮਾਨ

ਨਵੀਂ ਦਿੱਲੀ, 27 ਮਾਰਚ (ਮਨਪ੍ਰੀਤ ਸਿੰਘ ਖਾਲਸਾ):- "ਸਿੱਖ ਧਰਮ ਮੌਤ ਦੇ ਡਰ ਤੋਂ ਰਹਿਤ ਹੈ ਅਤੇ ਨਾ ਹੀ ਕਦੀ ਸਿੱਖ' ਕਿਸੇ ਗੱਲੋਂ ਘਬਰਾਕੇ ਜਾਂ ਡਰਕੇ ਖੁਦਕਸੀ ਕਰਦੇ ਹਨ। ਫਿਰ ਫ਼ੌਜੀ ਜਵਾਨ ਜੋ ਹਮੇਸ਼ਾਂ ਸਰਹੱਦਾਂ ਉਤੇ ਆਪਣੀਆ ਜਾਨਾਂ ਕੁਰਬਾਨ ਕਰਨ ਨੂੰ ਪਹਿਲ ਦਿੰਦੇ ਹਨ, ਉਹ ਕਦੀ ਵੀ ਖੁਦਕਸੀ ਦਾ ਅਮਲ ਨਹੀ ਕਰ ਸਕਦੇ। ਜੋ ਸ. ਸੁਖਵਿੰਦਰ ਸਿੰਘ ਫ਼ੌਜੀ ਦੀ ਲੇਹ ਤੋਂ ਮ੍ਰਿਤਕ ਦੇਹ ਆਈ ਹੈ, ਜਿਸ ਵਿਚ ਫ਼ੌਜ ਨੇ ਉਸਨੂੰ ਖੁਦਕਸੀ ਦੱਸਿਆ ਹੈ, ਇਹ ਗੱਲ ਹਜਮ ਹੋਣ ਵਾਲੀ ਨਹੀ। ਇਸ ਪਿੱਛੇ ਕੋਈ ਡੂੰਘਾਂ ਸੱਕ ਸਾਹਮਣੇ ਜਰੂਰ ਆਵੇਗਾ। ਇਸ ਲਈ ਅਸੀ ਨਿਰਪੱਖਤਾ ਨਾਲ ਮੰਗ ਕਰਦੇ ਹਾਂ ਕਿ ਸ. ਸੁਖਵਿੰਦਰ ਸਿੰਘ ਫ਼ੌਜੀ (ਨੂਰਪੁਰ ਬੇਦੀ) ਦੀ ਮ੍ਰਿਤਕ ਦੇਹ ਦਾ ਮੈਡੀਕਲ ਕਰਵਾਉਦੇ ਹੋਏ ਉਸਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਇਆ ਜਾਵੇ।"



ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬੀਤੇ ਦਿਨੀਂ ਲੇਹ ਦੀ ਸਰਹੱਦ ਤੋਂ ਸ. ਸੁਖਵਿੰਦਰ ਸਿੰਘ ਫ਼ੌਜੀ ਦੀ ਉਸਦੇ ਪਿੰਡ ਨੂਰਪੁਰ ਬੇਦੀ ਆਈ ਮ੍ਰਿਤਕ ਦੇਹ, ਜਿਸ ਨੂੰ ਖੁਦਕਸੀ ਗਰਦਾਨਿਆ ਗਿਆ ਹੈ, ਉਤੇ ਡੂੰਘਾਂ ਸੱਕ ਜਾਹਰ ਕਰਦੇ ਹੋਏ ਅਤੇ ਇਸਦੀ ਨਿਰਪੱਖਤਾ ਨਾਲ ਜਾਂਚ ਕਰਵਾਉਣ ਦੀ ਮੰਗ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੇਕਰ ਅੱਜ ਨੂਰਪੁਰ ਬੇਦੀ ਇਲਾਕੇ ਦੇ ਸਭ ਵਰਗਾਂ ਦੇ ਲੋਕ ਇਕੱਤਰ ਹੋ ਕੇ ਉਸਦੀ ਹੋਈ ਸੱਕੀ ਮੌਤ ਦੇ ਸੱਚ ਨੂੰ ਸਾਹਮਣੇ ਲਿਆਉਣ ਲਈ ਰੋਸ ਧਰਨਾ ਦੇ ਰਹੇ ਹਨ ਤਾਂ ਇਹ ਆਪਣੇ ਆਪ ਵਿਚ ਇਕ ਪ੍ਰਤੱਖ ਸਬੂਤ ਹੈ ਕਿ ਇਸ ਸਿੱਖ ਫ਼ੌਜੀ ਨਾਲ ਕੋਈ ਹੋਰ ਅਣਹੋਣੀ ਘਟਨਾ ਵਾਪਰੀ ਹੈ। ਕਿਉਂਕਿ ਫ਼ੌਜ ਵਿਚ ਹੁਣ ਸਿੱਖ ਅਫਸਰਾਂ ਤੇ ਫ਼ੌਜੀਆ ਨੂੰ ਇਹ ਹਿੰਦੂਤਵ ਹੁਕਮਰਾਨ ਬਰਦਾਸਤ ਨਹੀ ਕਰ ਰਹੇ ਅਤੇ ਨਾ ਹੀ ਸਿੱਖਾਂ ਦੀ ਹਿਫਾਜਤ ਕਰ ਰਹੇ ਹਨ। ਇਸ ਲਈ ਇਥੋ ਦੇ ਹਿੰਦੂਤਵ ਹੁਕਮਰਾਨ ਸਿੱਖ ਕੌਮ ਅੱਗੇ ਜੁਆਬਦੇਹ ਹਨ। ਉਨ੍ਹਾਂ ਕਿਹਾ ਕਿ ਜੇਕਰ ਫ਼ੌਜ ਵਿਚ ਸੇਵਾ ਕਰਨ ਵਾਲੇ ਸਿੱਖ ਅਫਸਰਾਂ ਤੇ ਜਵਾਨਾਂ ਦੀ ਹਿਫਾਜਤ ਲਈ ਵਿਸੇਸ ਪ੍ਰਬੰਧ ਨਾ ਕੀਤੇ ਗਏ ਜਾਂ ਉਨ੍ਹਾਂ ਨਾਲ ਇਸ ਤਰ੍ਹਾਂ ਅਣਹੋਣੇ ਅਮਲ ਹੁੰਦੇ ਰਹੇ ਤਾਂ ਹੁਕਮਰਾਨਾਂ ਨੂੰ ਸਮੁੱਚੀ ਫ਼ੌਜ ਦੇ ਕੰਟਰੋਲ ਨੂੰ ਕਾਬੂ ਵਿਚ ਰੱਖਣਾ ਮੁਸਕਿਲ ਹੀ ਨਹੀ ਬਲਕਿ ਅਸੰਭਵ ਹੋ ਜਾਵੇਗਾ। ਇਹ ਉਸੇ ਤਰ੍ਹਾਂ ਦੀ ਨਫਰਤ ਭਰੀ ਕਾਰਵਾਈ ਜਾਪਦੀ ਹੈ ਜਿਵੇ ਹੁਕਮਰਾਨਾਂ ਦੇ ਪ੍ਰਬੰਧ ਹੇਠ ਹਿਮਾਚਲ ਦੇ ਧਰਮਸਾਲਾ ਵਿਖੇ ਇਕ ਨਿਰਦੋਸ਼ ਸਿੱਖ ਨੌਜਵਾਨ ਨੂੰ ਉਥੋ ਦੇ ਹਿੰਦੂਆਂ ਨੇ ਫਿਰਕੂ ਸੋਚ ਅਧੀਨ ਬੇਰਹਿੰਮੀ ਨਾਲ ਕੁੱਟਕੁੱਟ ਕੇ ਮਾਰ ਦਿੱਤਾ ਸੀ। ਅਸੀ ਉਸ ਨਵਦੀਪ ਸਿੰਘ ਨਾਮ ਦੇ ਸਿੱਖ ਨੌਜਵਾਨ ਦੀ ਹੋਈ ਦਰਦਨਾਕ ਮੌਤ ਦੀ ਸੁੱਖੂ ਦੀ ਹਿਮਾਚਲ ਸਰਕਾਰ ਤੋਂ ਨਿਰਪੱਖਤਾ ਨਾਲ ਜਾਂਚ ਦੀ ਮੰਗ ਕਰਵਾਉਣ ਦੇ ਨਾਲ-ਨਾਲ ਹਿਮਾਚਲ ਵਿਚ ਵਿਚਰਦੇ ਰਹਿੰਦੇ ਸਿੱਖਾਂ ਦੀ ਅੱਛੇ ਢੰਗ ਨਾਲ ਹਿਫਾਜਤ ਹੋਣ ਅਤੇ ਸਰਾਰਤੀ ਅਨਸਰਾਂ ਵੱਲੋ ਅਜਿਹੇ ਦੁੱਖਦਾਇਕ ਅਮਲਾਂ ਨੂੰ ਹਰ ਕੀਮਤ ਤੇ ਰੋਕਣ ਦੀ ਮੰਗ ਕਰਦੇ ਹਾਂ। ਉਨ੍ਹਾਂ ਕਿਹਾ ਕਿ ਜਿਵੇਂ ਉਪਰੋਕਤ ਸੁਖਵਿੰਦਰ ਸਿੰਘ ਫੌ.ਜੀ ਨਾਲ ਅਣਹੋਣੀ ਘਟਨਾ ਵਾਪਰੀ ਹੈ, ਉਸੇ ਤਰ੍ਹਾਂ ਫ਼ੌਜ ਵਿਚ ਇਹ ਫਿਰਕੂ ਹੁਕਮਰਾਨ ਕੱਛਾ, ਬਨੈਣ ਪਹਿਨਕੇ, ਧੋਤੀ ਪਹਿਨਕੇ, ਚੱਪਲਾ ਪਹਿਨਕੇ ਗੈਰ ਅਨੁਸਾਸਿਤ ਤਰੀਕੇ ਮੈਸ ਵਿਚ ਜਾਣ ਦੇ ਨਵੇ-ਨਵੇ ਹਿੰਦੂਤਵੀ ਫੁਰਮਾਨ ਜਾਰੀ ਕਰ ਰਹੇ ਹਨ। ਜੋ ਫ਼ੌਜ ਦੇ ਅਨੁਸਾਸਨ ਨੂੰ ਖੁਦ ਹੀ ਭੰਗ ਕਰਨ ਨੂੰ ਉਤਸਾਹਿਤ ਕਰਦੇ ਹਨ। ਅਜਿਹੇ ਅਮਲਾਂ ਤੇ ਵੀ ਰੋਕ ਲੱਗਣੀ ਚਾਹੀਦੀ ਹੈ।

### ਸਪੋਰਟਸ ਕਲੱਬ ਤਰਸਿੱਕਾ ਨੇ

# ਜੂਨੀਅਰ ਹਾਕੀ ਟੂਰਨਾਮੈਂਟ ਕਰਵਾਇਆ



**ਚੌਕ ਮਹਿਤਾ, ( ਬਾਬਾ ਸੁਖਵੰਤ ਸਿੰਘ ਚੰਨਣਕੇ )**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤਰਸਿੱਕਾ ਦੀ ਗਰਾਊਂਡ ਵਿੱਚ ਐੱਨਆਰਆਈ ਜਗਦੀਪ ਸਿੰਘ ਜੱਗੀ ਅਤੇ ਸਤਨਾਮ ਸਿੰਘ ਤਰਸਿੱਕਾ ਦੇ ਸਹਿਯੋਗ ਨਾਲ ਸੰਤ ਬਾਬਾ ਗੁਰਬਖਸ਼ ਸਿੰਘ ਸਪੋਰਟਸ ਕਲੱਬ ਤਰਸਿੱਕਾ ਵਲੋਂ ਜੂਨੀਅਰ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਦੋ ਦਿਨ ਚੱਲੇ ਇਸ ਟੂਰਨਾਮੈਂਟ ਵਿੱਚ ਕੁਲ 10 ਜੂਨੀਅਰ ਹਾਕੀ ਟੀਮਾਂ ਵੱਲੋਂ ਭਾਗ ਲਿਆ ਗਿਆ, ਜਿਸ ਵਿੱਚ ਸਾਰੀਆਂ ਟੀਮਾਂ ਵੱਲੋਂ ਸ਼ਾਨਦਾਰ ਖੇਡ ਦਾ ਪ੍ਰਗਟਾਵਾ ਕੀਤਾ ਗਿਆ। ਤਰਸਿੱਕਾ ਦੀ ਜੂਨੀਅਰ ਟੀਮ ਪਹਿਲੇ ਨੰਬਰ ਤੇ ਅਤੇ ਪਿੰਡ ਬਾਬਾ ਬਕਾਲਾ ਸਾਹਿਬ ਦੀ ਟੀਮ ਦੂਸਰੇ ਨੰਬਰ ਤੇ ਆਉਣ ਵਿੱਚ ਕਾਮਯਾਬ ਹੋਈ, ਜਿੰਨਾ ਨੂੰ ਕ੍ਰਮਵਾਰ ਪਹਿਲਾ ਇਨਾਮ 21000 ਰੁਪਏ ਅਤੇ ਦੂਸਰਾ ਇਨਾਮ 15000 ਰੁਪਏ ਇਨਾਮ ਵਜੋਂ ਦਿੱਤੇ ਗਏ। ਟੂਰਨਾਮੈਂਟ ਵਿੱਚ ਮੁੱਖ ਮਹਿਮਾਨ ਵਜੋਂ ਅੰਤਰਰਾਸ਼ਟਰੀ ਹਾਕੀ ਖਿਡਾਰੀ ਕਪਤਾਨ ਸੁਖਦੇਵ ਸਿੰਘ ਏਅਰ ਫੋਰਸ ਅਤੇ ਮੈਡਮ ਸੁਹਿੰਦਰ ਕੌਰ ਪਤਨੀ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਖਿਡਾਰੀਆਂ ਨੂੰ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ ਗਿਆ ।ਇਸ ਮੌਕੇ ਮੀਡੀਆ ਇੰਚਾਰਜ ਵਿਸ਼ਾਲ ਸ਼ਰਮਾ ਤਰਸਿੱਕਾ, ਦੀਪ ਤਰਸਿੱਕਾ, ਜਰਮਨ ਅਬਦਾਲ, ਗੁਰਦੀਪ ਸਿੰਘ ਲਾਡੀ, ਸੁਰਿੰਦਰ ਸਿੰਘ, ਮਾਨ ਸਿੰਘ ਚੱਕੀ ਵਾਲੇ, ਦਿਲਬਾਗ ਸਿੰਘ, ਇੰਜੀਨੀਅਰ ਬਲਰਾਜ ਸਿੰਘ ਤਰਸਿੱਕਾ, ਬਾਬਾ ਬਲਵੰਤ ਸਿੰਘ, ਜਰਮਨ ਬਾਠ, ਹਰਭਜਨ ਸਿੰਘ ਲਾਲੀ, ਸਤਿੰਦਰ ਸਿੰਘ ਬਾਵਾ ਬੱਗੀ ਫਰਨੀਚਰ ਵਾਲੇ, ਪਰਮਪਾਲ ਕੋਚ, ਹਰੀ ਕੋਟ ਖਹਿਰਾ, ਦਿਲਬਾਗ ਸਿੰਘ ਭਿੰਡਰ, ਜੋਬਨ ਮਾਂਗਟ, ਸੁਖਜਿੰਦਰ ਸਿੰਘ ਰਾਜ ਆਦਿ ਹਾਜ਼ਰ।

### ਪੁਲਿਸ ਤੇ ਐਕਸਾਈਜ਼ ਵਿਭਾਗ ਨੇ ਸਾਂਝੇ ਓਪਰੇਸ਼ਨ ਦੌਰਾਨ

# 300 ਕਿੱਲੋ ਲਾਹਨ ਅਤੇ 80 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀਆਂ

**ਸ੍ਰੀ ਹਰਗੋਬਿੰਦਪੁਰ ਸਾਹਿਬ ਜੀ, 26 ਮਾਰਚ ਕੁਲਜੀਤ ਸਿੰਘ ਖੋਖਰ**-ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਸ੍ਰੀ ਵਿਸ਼ੇਸ਼ ਸਾਰੰਗਲ ਅਤੇ ਐੱਸ.ਐੱਸ.ਪੀ. ਬਟਾਲਾ ਅਸ਼ਵਨੀ ਗੋਟਿਆਲ ਦੇ ਨਿਰਦੇਸ਼ਾਂ ਤਹਿਤ ਪੁਲਿਸ ਵਿਭਾਗ ਅਤੇ ਐਕਸਾਈਜ਼ ਵਿਭਾਗ ਵੱਲੋਂ ਸਾਂਝੀ ਕਾਰਵਾਈ ਕਰਦਿਆਂ ਅੱਜ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਵੱਖ-ਵੱਖ ਪਿੰਡਾਂ ਵਿੱਚ ਛਾਪੇਮਾਰੀ ਕਰਕੇ 300 ਕਿੱਲੋ ਲਾਹਨ

## ਚੋਣਾਂ ਦੌਰਾਨ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀ ਮੁਹਿੰਮ ਜਾਰੀ



ਅਤੇ 80 ਬੋਤਲਾਂ (60,000 ਐੱਮ.ਐੱਲ) ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਥਾਣਾ ਕੋਟਲੀ ਸੂਰਤ ਮੱਲ੍ਹੀ ਵਿਖੇ ਇਸ ਸਬੰਧੀ 3 ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਾਇਕ ਕਮਿਸ਼ਨਰ (ਐਕਸਾਈਜ਼) ਗੁਰਦਾਸਪੁਰ ਰੇਂਜ ਸ੍ਰੀ ਹਨਵੰਤ ਸਿੰਘ ਨੇ ਦੱਸਿਆ ਕਿ ਅੱਜ ਐਕਸਾਈਜ਼ ਅਫ਼ਸਰ ਅਮਨਬੀਰ ਸਿੰਘ ਅਤੇ ਪੁਲਿਸ ਵਿਭਾਗ ਦੀ ਟੀਮ ਵੱਲੋਂ ਥਾਣਾ ਕੋਟਲੀ ਸੂਰਤ ਮੱਲ੍ਹੀ ਦੇ ਪਿੰਡ ਨਬੀ ਨਗਰ ਡੇਰਾ, ਬਰਿਆਰ, ਧਿਆਨਪੁਰ, ਬਸੰਤਕੋਟ, ਕੋਟਲੀ ਅਤੇ ਢਿਲਵਾਂ ਵਿਖੇ ਛਾਪੇਮਾਰੀ ਕੀਤੀ ਗਈ, ਜਿਸ ਦੌਰਾਨ ਪਿੰਡ ਬਰਿਆਰ ਦੇ ਹਰਦੇਵ ਸਿੰਘ ਪੁੱਤਰ ਗਿਆਨ ਸਿੰਘ ਦੇ ਘਰੋਂ 20 ਬੋਤਲਾਂ ਨਜਾਇਜ਼ ਸ਼ਰਾਬ, ਪਿੰਡ ਧਿਆਨਪੁਰ ਦੇ ਸਵਿੰਦਰ ਮਸੀਹ ਪੁੱਤਰ ਬਾਊ ਮਸੀਹ ਦੇ ਘਰੋਂ 30 ਬੋਤਲਾਂ ਨਜਾਇਜ਼ ਸ਼ਰਾਬ ਅਤੇ ਪਿੰਡ ਬਸੰਤ ਕੋਟ ਦੇ ਭਗਵਾਨ ਸਿੰਘ ਪੁੱਤਰ ਜਗਤਾਰ ਸਿੰਘ ਦੇ ਘਰੋਂ 300 ਕਿੱਲੋ ਲਾਹਨ ਅਤੇ 30 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਈ ਹੈ। ਜੋ ਕੁੱਲ 300 ਕਿੱਲੋ ਲਾਹਨ ਅਤੇ 80 ਬੋਤਲਾਂ (60,000 ਐੱਮ.ਐੱਲ) ਨਜਾਇਜ਼ ਸ਼ਰਾਬ ਦੀ ਮਾਤਰਾ ਬਣਦੀ ਹੈ। ਉਨ੍ਹਾਂ ਕਿਹਾ ਕਿ ਦੋਸ਼ੀਆਂ ਖ਼ਿਲਾਫ਼ ਥਾਣਾ ਕੋਟਲੀ ਸੂਰਤ ਮੱਲ੍ਹੀ ਵਿਖੇ 3 ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ ਅਤੇ ਇੱਕ ਦੋਸ਼ੀ ਸਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ। ਇਸ ਛਾਪੇਮਾਰੀ ਦੌਰਾਨ ਐਕਸਾਈਜ਼ ਇੰਸਪੈਕਟਰ ਅਮਰੀਕ ਸਿੰਘ, ਐਕਸਾਈਜ਼ ਇੰਸਪੈਕਟਰ ਵਿਜੇ ਕੁਮਾਰ, ਐੱਸ.ਐੱਚ.ਓ. ਕੁਲਵਿੰਦਰ ਸਿੰਘ, ਏ.ਐੱਸ.ਆਈ. ਹਰਜੀਤ ਸਿੰਘ, ਅਮਰੀਕ ਸਿੰਘ, ਐਕਸਾਈਜ਼ ਪੁਲਿਸ ਦੇ ਏ.ਐੱਸ.ਆਈ. ਖੁਸ਼ਵੰਤ ਸਿੰਘ, ਏ.ਐੱਸ.ਆਈ. ਬਲਦੇਵ ਸਿੰਘ ਤੋਂ ਇਲਾਵਾ ਹੋਰ ਕਰਮਚਾਰੀ ਵੀ ਮੌਜੂਦ ਸਨ।

# ਖ਼ਾਲਸਾ ਕਾਲਜ ਮਹਿਤਾ ਵਿਖੇ ਹੋਲਾ - ਮਹੱਲਾ ਦੇ ਵਿਸ਼ੇਸ ਦਿਹਾੜੇ ਤੇ ਸੈਮੀਨਾਰ ਕਰਵਾਇਆ



**ਚੌਕ ਮਹਿਤਾ 27 ਮਾਰਚ( ਬਾਬਾ ਸੁਖਵੰਤ ਸਿੰਘ ਚੰਨਣਕੇ )** -ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਕਾਲਜ ਮਹਿਤਾ ਵਿਖੇ ਹੋਲਾ - ਮਹੱਲਾ ਦੇ ਵਿਸ਼ੇਸ਼ ਦਿਹਾੜੇ ਸੈਮੀਨਾਰ ਕਰਵਾਇਆ ਗਿਆ। ਜਿਸ ਮੌਕੇ ਵਿਦਿਆਰਥੀਆਂ ਨੇ ਇਸ ਪਾਵਨ ਤਿਉਹਾਰ ਦਾ ਇਤਿਹਾਸਿਕ ਪਿਛੋਕੜ ਤੇ ਪਵਿੱਤਰ ਅਸਥਾਨ ਆਨੰਦਪੁਰ ਸਾਹਿਬ ਦੇ ਨਾਲ ਨਾਲ ਕਲਗੀਧਰ ਪਾਤਸ਼ਾਹ ਦੇ ਜੀਵਨ ਨੂੰ ਪੋਸਟਰ, ਕਵਿਤਾਵਾਂ, ਸ਼ਬਦ, ਭਾਸ਼ਣ ਅਤੇ ਕਵੀਸ਼ਰੀ ਆਦਿ ਦੁਆਰਾ ਪੇਸ਼ ਕੀਤਾ। ਇਸ ਮੌਕੇ ਕਾਲਜ਼ ਦੇ ਪ੍ਰਿੰਸੀਪਲ ਸ.ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਨਾਲ ਸਿੱਖ ਇਤਿਹਾਸ ਦੀ ਜਾਣਕਾਰੀ ਸਾਂਝੇ ਕਰਦਿਆ ਦੱਸਿਆ ਕਿ ਆਨੰਦਪੁਰ ਸਾਹਿਬ ਦੀ ਧਰਤੀ ਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਹੋਲਾ-ਮਹੱਲਾ' ਖੇਡਣ ਦੀ ਰੀਤ ਚਲਾਈ ਕਿਉਂਕਿ ਦਸਮ ਗੁਰੂ ਨਵੇਂ ਸਿਰਜੇ ਖ਼ਾਲਸੇ ਨੂੰ ਯੁੱਧ- ਵਿੱਦਿਆ ਵਿਚ ਨਿਪੁੰਨ ਬਣਾਉਣਾ ਚਾਹੁੰਦੇ ਸਨ। ਇਸ ਲਈ ਉਨ੍ਹਾਂ ਨੇ ਪਰੰਪਰਾ ਤੋਂ ਹਟ ਕੇ ਹੋਲਾ - ਮਹੱਲਾ ਤਿਉਹਾਰ ਦਾ ਸਬੰਧ ਯੁੱਧ-ਪ੍ਰਕ੍ਰਿਆ ਨਾਲ ਜੋੜਿਆ। ਪ੍ਰੰਤੂ ਅਜੋਕੇ ਸਮੇਂ ਦੀ ਨਵੀਂ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪ੍ਰਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁੱਲਦੀ ਜਾ ਰਹੀ ਹੈ । ਇਸ ਪਵਿੱਤਰ ਤਿਉਹਾਰ ਨੂੰ ਮਨਾਉਂਦੇ ਹੋਏ ਸਾਨੂੰ ਸਭ ਨੂੰ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦੀ ਲਹਿਰ ਨੂੰ ਪ੍ਰਚੰਡ ਕਰਨ ਦਾ ਪ੍ਰਣ ਲੈਣਾ ਚਾਹੀਦਾ ਹੈ ।ਨੌਜਵਾਨ ਪੀੜ੍ਹੀ ਨੂੰ ਅਪੀਲ ਕਰਦਿਆਂ ਉਹਨਾਂ ਕਿਹਾ ਕਿ ਨਿੱਤ ਹੋ ਰਹੇ ਅੱਤਿਆਚਾਰ ਮਨੁੱਖ ਨੂੰ ਦਰਿੰਦਾ ਬਣਾ ਰਹੇ ਹਨ ।ਇਸ ਘੋਰ ਕਲਯੁੱਗ ਵਿਚ ਗੁਰਬਾਣੀ ਅਤੇ ਸਿੱਖੀ ਸਿਦਕ ਹੀ ਆਦਮੀ ਨੂੰ ਪਾਪਾਂ ਤੋਂ ਰਹਿਤ ਅਤੇ ਨਿਵੇਕਲਾ ਬਣਾ ਸਕਦੇ ਹਨ ।ਇਸ ਲਈ ਹਰੇਕ ਮਨੁੱਖ ਨੂੰ ਰੋਜ਼ਾਨਾ ਨਾਮ ਸਿਮਰਨ ਕਰਨਾ, ਪੂਰਨ ਸਿੱਖੀ ਸਰੂਪ ਵਿੱਚ ਰਹਿਣਾ, ਸਿੱਖ ਇਤਿਹਾਸ ਨੂੰ ਯਾਦ ਰੱਖਣਾ ਅਤੇ ਗੁਰੂ ਦੇ ਹੁਕਮਨਾਮਿਆਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ। ਇਸ ਮੌਕੇ ਤੇ ਗਿਆਨੀ ਸਾਹਿਬ ਸਿੰਘ ਜੀ, ਕਾਲਜ ਪ੍ਰਿੰ ਸ. ਗੁਰਦੀਪ ਸਿੰਘ ਜੀ, ਸਕੂਲ ਪ੍ਰਿੰ. ਸੁਖਮੀਤ ਕੌਰ, ਸ. ਦਿਲਬਾਗ ਸਿੰਘ, ਮੈਡਮ ਪਰਵੀਨ ਕੌਰ, ਕੁਲਦੀਪ ਕੌਰ, ਮਨਜੀਤ ਕੌਰ, ਕਿਰਨਬੀਰ ਕੌਰ, ਗੁਰਵਿੰਦਰ ਕੌਰ, ਕਾਬਲ ਸਿੰਘ ਪੁਰਬਾ ਅਤੇ ਸਮੂਹ ਅਧਿਆਪਕ ਸਾਹਿਬਾਨਾਂ ਨੇ ਸਮੂਹ ਸੰਗਤਾਂ ਨੂੰ ਹੋਲੇ- ਮਹੱਲੇ ਦੀਆਂ ਲੱਖ ਲੱਖ ਵਧਾਈਆਂ ਦਿੱਤੀਆਂ।

## ਹੋਲੇ ਮਹੱਲੇ ਦੇ ਸਬੰਧ ਵਿੱਚ ਲਗਾਏ ਗਏ ਲੰਗਰ ਦੀ ਅਰਦਾਸ ਉਪਰੰਤ ਕੀਤੀ ਸਮਾਪਤੀ



**ਚੌਕ ਮਹਿਤਾ, 27 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਹਰ ਸਾਲ ਦੀ ਤਰ੍ਹਾਂ ਪਿੰਡ ਰਾਜੇਵਾਲ ਦੀ ਸਮੂਹ ਲੰਗਰ ਪ੍ਰਬੰਧਕ ਕਮੇਟੀ ਜਿਸਦੇ ਅਹੁਦੇਦਾਰ ਅਤੇ ਸੇਵਾਦਾਰਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਹੋਲਾ ਮੁਹੱਲੇ ਨੂੰ ਸਮਰਪਿਤ ਜੀ ਟੀ ਰੋਡ ਨੈਸ਼ਨਲ ਹਾਈਵੇ, ਨਜ਼ਦੀਕ ਸਰਕਾਰੀ ਹਸਪਤਾਲ ਵਿਖੇ ਹੋਲਾ ਮਹੱਲਾ ਮਨਾਉਣ ਜਾ ਰਹੀਆਂ ਅਤੇ ਦਰਸ਼ਨ ਕਰਕੇ ਵਾਪਸ ਪਰਤਨ ਵਾਲੀਆ ਸੰਗਤਾਂ ਦੇ ਛਕਣ ਲਈ ਪੂਰੇ ਉਤਸਾਹ ਨਾਲ ਲੰਗਰ ਲਗਾਇਆ ਗਿਆ ਜਿਸ ਵਿੱਚ ਸੰਗਤਾਂ ਲਈ 24 ਘੰਟੇ ਸੇਵਾ ਨਿਭਾਉਂਦੇ ਸਮੇਂ ਵੱਖ ਵੱਖ ਪਦਾਰਥਾਂ ਦਾ ਲੰਗਰ ਤਿਆਰ ਕਰਕੇ ਪੰਡਾਲ ਵਿੱਚ ਬੈਠੀਆਂ ਸੰਗਤਾਂ ਨੂੰ ਪੂਰੀ ਸ਼ਰਧਾ ’,ਤੇ ਭਾਵਨਾ ਨਾਲ ਛਕਾਇਆ ਗਿਆ ਇਸ ਮੌਕੇ ਲੰਗਰ ਦੀ ਸਮੂਹ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਲਬਾਗ ਸਿੰਘ ਰਾਜੇਵਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਲੰਗਰ ਹਰ ਸਾਲ ਤੀਜੀ ਹੋਲੀ ਤੋਂ ਸ਼ੁਰੂ ਹੋ ਕੇ ਠੀਕ ਹੋਲਾ ਮਹੱਲਾ ਮਨਾਉਣ ਤੋ ਇਕ ਦਿਨ ਬਾਅਦ ਸਮਾਪਤ ਕੀਤਾ ਜਾਂਦਾ ਹੈ ਜਿੱਥੇ ਦੇਸ਼ਾਂ ਵਿਦੇਸ਼ਾਂ ਵਿਚੋਂ ਹੁੰਮ ਹੁੰਮਾ ਕੇ ਪਹੁੰਚੀਆਂ ਸੰਗਤਾ ਨੇ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਲਾ ਮਹੱਲਾ ਪੂਰੇ ਉਤਸਾਹ ਨਾਲ ਮਨਾਇਆ ਹੈ ਜਿਸ ਦੇ ਤਹਿਤ ਅੱਜ ਲੰਗਰ ਦੀ ਸਮਾਪਤੀ ਅਰਦਾਸ ਬੇਨਤੀ ਕਰਣ ਤੋ ਬਾਅਦ ਕਰ ਦਿੱਤੀ ਗਈ ਹੈ ਉੱਥੇ ਹੀ ਸਾਡੀ ਲੰਗਰ ਕਮੇਟੀ ਇਲਾਕੇ ਦੀਆਂ ਸੰਗਤਾਂ ਅਤੇ ਲੰਗਰ ਵਿੱਚ ਯੋਗਦਾਨ ਪਾਉਣ ’ਤੇ ਦਿਨ ਰਾਤ ਸੇਵਾ ਨਿਭਾਉਣ ਵਾਲੇ ਸੇਵਾਦਾਰਾਂ ਦਾ ਹਾਰਦਿਕ ਧੰਨਵਾਦ ਕਰਦੀ ਹੈ। ਇਸ ਮੌਕੇ ਅਬਜਿੰਦਰ ਸਿੰਘ ਸੰਧੂ, ਕੁਲਦੀਪ ਸਿੰਘ ਰਾਜੇਵਾਲ, ਮੁਖਤਾਰ ਸਿੰਘ ਜੰਡਿਆਲਾ ਗੁਰੂ, ਰਾਜਨ ਸਿੰਘ, ਸੂਬਾ ਸਿੰਘ ਜੰਡਿਆਲਾ, ਜਗੀਰ ਸਿੰਘ ਜੇਈ ਮਾਨਾ ਵਾਲਾ, ਬਲਕਾਰ ਸਿੰਘ ਰਾਜੇਵਾਲ, ਸਾਹਿਬ ਸਿੰਘ, ਨਿਰਵੈਲ ਸਿੰਘ ਸਰਪੰਚ ਸੁੱਖੇਵਾਲ, ਗੁਰਮੀਤ ਸਿੰਘ ਵਡਾਲੀ, ਅਰਸ਼ਦੀਪ ਸਿੰਘ ਸੰਧੂ, ਪਵਿੱਤਰ ਪਾਲ ਸਿੰਘ ਸੰਧੂ, ਸੋਨੀ ਹੁੰਦਲ ਰਾਜੇਵਾਲ, ਅਤੇ ਜਗਤਾਰ ਸਿੰਘ ਲੱਡੂ ਆਦਿ ਸੇਵਾਦਾਰ ਹਾਜ਼ਰ ਸਨ।

# ਕਿਸਾਨੀ ਅੰਦੋਲਨ ਅਤੇ ਸਿਧਾਤਾਂ ਨੂੰ ਲੈ ਕੇ ਭਾਜਪਾ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ: ਬੀਬੀ ਰਣਜੀਤ ਕੌਰ

**ਨਵੀਂ ਦਿੱਲੀ, 27 ਮਾਰਚ (ਮਨਪ੍ਰੀਤ ਸਿੰਘ ਖਾਲਸਾ)**-ਭਾਰਤੀ ਜਨਤਾ ਪਾਰਟੀ ਵਲੋਂ ਅਕਾਲੀ ਦਲ ਬਾਰੇ ਆਪਣਾ ਰਵਈਆ ਦੱਸਿਆ ਗਿਆ ਹੈ। ਉਸ ਤੋਂ ਬਾਅਦ ਅਕਾਲੀ ਦਲ ਵੱਲੋਂ ਵੀ ਹਮੇਸ਼ਾ ਦੀ ਤਰ੍ਹਾਂ ਸਿਧਾਂਤਾਂ ਉਪਰ ਪਹਿਰਾ ਦੇਣ ਦੀ ਗੱਲ ਨੂੰ ਕੋਰ ਕਮੇਟੀ ਵਲੋਂ ਦੋਹਰਾਇਆ ਗਿਆ ਹੈ। ਕਿਉਂਕਿ ਅਕਾਲੀ ਦਲ ਹੀ ਇੱਕ ਇਸ ਤਰ੍ਹਾਂ ਦੀ ਪਾਰਟੀ ਹੈ ਜੋ ਕਿ ਕਿਸਾਨਾਂ ਦੇ ਨਾਲ ਅਤੇ ਸਿਧਾਂਤਾਂ ਦੇ ਨਾਲ ਖੜੀ ਹੈ। ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮਹਿਲਾ ਵਿੰਗ ਦੇ ਮੁੱਖ ਸੇਵਾਦਾਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਆਪਣੇ ਬਿਆਨ ਰਾਹੀਂ ਕਿਹਾ ਕਿ ਜੋ ਵੀ ਪਾਰਟੀ ਸਾਡੇ ਨਾਲ ਸਮਝੌਤਾ ਕਰੇਗੀ ਉਹ ਅਕਾਲੀ ਦਲ ਦੇ ਸੰਵਿਧਾਨ ਦੇ ਨਾਲ ਅਤੇ ਸਿਧਾਂਤ ਦੇ ਨਾਲ ਜੁੜੀ ਹੋਏਗੀ ਤਾਂ ਹੀ ਸਮਝੌਤਾ ਹੋ ਸਕੇਗਾ। ਕਿਉਂਕਿ ਕਿਸਾਨੀ ਅੰਦੋਲਨ ਨੂੰ ਲੈ ਕੇ ਕਦੀ ਵੀ ਭਾਰਤੀ ਜਨਤਾ ਪਾਰਟੀ ਦੇ ਨਾਲ ਸਮਝੌਤਾ ਨਹੀਂ ਕੀਤਾ ਜਾ ਸਕਦਾ ਹੈ । ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ’ਚ ਰਾਜਾਂ ਵਾਸਤੇ ਵੱਧ ਅਧਿਕਾਰ ਤੇ ਵਾਜਿਬ ਖੁਦ ਮੁਖਤਿਆਰੀ, ਬੰਦੀ ਸਿੰਘ, ਜਿਨ੍ਹਾਂ ਨੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਲਈਆਂ ਹਨ ਦੀ ਰਿਹਾਈ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਹੱਕਾਂ, ਖਾਲਸਾ ਪੰਥ ਦੇ ਧਾਰਮਿਕ ਮਾਮਲਿਆਂ, ਸਿੱਖ ਸੰਸਥਾਵਾਂ ਦੇ ਕੰਮਕਾਜ ’ਚ ਬੇਲੋੜੀ ਦਖਲ ਅੰਦਾਜ਼ੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਅਤੇ ਕਮਜ਼ੋਰ ਕਰਨ ਦੀਆਂ ਸ਼ਾਜਿਸਾਂ, ਹਰਿਆਣਾ ’ਚ ਬਣਾਈ ਗਈ ਵੱਖਰੀ ਕਮੇਟੀ, ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ, ਤਖ਼ਤ ਸ਼੍ਰੀ ਹਜ਼ੂਰ ਸਾਹਿਬ ਨਾਂਦੇੜ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀਆਂ ’ਤੇ ਕਬਜ਼ੇ, ਅਟਾਰੀ ਤੇ ਫਿਰੋਜ਼ਪੁਰ ਸਰਹੱਦ ਅਤੇ ਜਮੀਨ ਰਾਹੀਂ ਹੋਰ ਮੁਲਕਾਂ ਨਾਲ ਵਪਾਰ ਦਾ ਰਾਹ ਖੋਲ੍ਹਣ, ਐੱਨਐੱਸਏ ਵਰਗੇ ਕਾਲੇ ਕਾਨੂੰਨਾਂ ਦੀ ਦੁਰਵਰਤੋਂ, ਦੇਸ਼ ਦੇ ਸੰਵਿਧਾਨ ਨੂੰ ਖੋਰਾ ਲਾਉਣ ਵਰਗੇ ਮੁੱਦੇ ਚੁੱਕ ਕੇ ਪੰਜਾਬੀਆਂ ਦੇ ਹਰ ਵਰਗ ਦੇ ਹਿਤਾਂ ਦੀ ਗੱਲ ਕੀਤੀ ਅਤੇ ਸਪਸ਼ਟ ਕਰ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਲਈ ਸਿਧਾਂਤ ਰਾਜਨੀਤੀ ਤੋਂ ਉੱਪਰ ਹਨ।



### ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ

# ਹੋਲਾ ਮਹੱਲਾ ਬੜੀ ਧੂਮ-ਧਾਮ ਨਾਲ ਮਨਾਇਆ ਗਿਆ- ਡਾ. ਵਿਜੇ ਸਤਬੀਰ ਸਿੰਘ

**ਚੌਕ ਮਹਿਤਾ, 27 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)-** ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਹੋਲਾ ਮਹੱਲਾ ਬੜੀ ਸ਼ਰਧਾ ਭਾਵਨਾ ਤੇ ਖ਼ਾਲਸਾਈ ਜਾਹੋ ਜਲਾਲ ਨਾਲ ਮਨਾਇਆ ਗਿਆ। ਇਸ ਮੌਕੇ ਵਿਸ਼ਵ ਭਰ ਤੋਂ ਭਾਰੀ ਗਿਣਤੀ ਵਿੱਚ ਸੰਗਤਾਂ ਤਖ਼ਤ ਸੱਚਖੰਡ ਸਾਹਿਬ ਵਿਖੇ ਨਤਮਸਤਕ ਹੋਈਆਂ ਤੇ ਹੋਲਾ ਮਹੱਲਾ ਸਮਾਗਮਾਂ ਵਿੱਚ ਹਾਜ਼ਰੀਆਂ ਭਰਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਡਾ. ਵਿਜੇ ਸਤਬੀਰ ਸਿੰਘ ਮੁੱਖ ਪ੍ਰਬੰਧਕ ਗੁਰਦੁਆਰਾ ਸੱਚਖੰਡ ਬੋਰਡ ਨਾਂਦੇੜ ਨੇ ਦਸਿਆ ਕਿ ਮਾਨਯੋਗ ਸਿੰਘ ਸਾਹਿਬ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ, ਸਮੂੰਹ ਪੰਜ ਪਿਆਰੇ ਸਾਹਿਬਾਨ ਦੀ ਸਰਪ੍ਰਸਤੀ ਹੇਠ ਤਖ਼ਤ ਸੱਚਖੰਡ



ਆਵਾਜ਼ਿ ਕੌਮ AWAZE QAUM International Newspaper & WEB TV



ਸਾਹਿਬ ਵਿਖੇ ਹੋਲੇ ਮਹੱਲੇ ਦੇ ਵਿਸ਼ੇਸ਼ ਸਮਾਗਮ ਹੋਏ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜੱਥੇ, ਉਚ ਕੋਟੀ ਦੇ ਕਵੀਸ਼ਰੀ ਤੇ ਢਾਡੀ ਜੱਥਿਆਂ ਨੇ ਹਾਜ਼ਰੀਆਂ ਭਰੀਆਂ। ਡਾ. ਵਿਜੇ ਸਤਬੀਰ ਸਿੰਘ ਨੇ ਹੋਰ ਕਿਹਾ ਕਿ ਇਸ ਵਾਰ ਪੰਜਾਬ, ਹਰਿਆਣਾ, ਹਿਮਾਚਲ, ਯੂ.ਪੀ., ਦਿੱਲੀ, ਝਾਰਖੰਡ, ਮੁੰਬਈ, ਹੈਦਰਾਬਾਦ, ਪੂਨਾ, ਨਾਗਪੁਰ ਇਲਾਕੇ ਦੀਆਂ ਸੰਗਤਾਂ ਨੇ ਪਹਿਲਾਂ ਨਾਲੋਂ ਵੀ ਵਧੇਰੇ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਗੁਰਦੁਆਰਾ ਬੋਰਡ ਵਲੋਂ ਵੱਖ ਵੱਖ ਸਰਾਵਾਂ ਤੋਂ ਇਲਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਅਤੇ ਸਾਹਿਬਜ਼ਾਦਾ ਫਤਹਿ ਸਿੰਘ ਮੰਗਲਕਾਰਲਯ ਵਿੱਚ ਵੀ ਸੰਗਤਾਂ ਦੇ ਰਿਹਾਇਸ਼ ਤੇ ਲੰਗਰ ਪਾਣੀ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਪੰਜਾਬ ਤੋਂ ਟਰੱਕਾਂ ਰਾਹੀਂ ਸੰਗਤਾਂ ਨੂੰ ਲਿਆ ਕੇ ਬਾਬਾ ਸੁਲੱਖਣ ਸਿੰਘ ਜੀ ਪੰਜਵੜ੍ਹ ਵਲੋਂ ਯਾਤਰੀ ਨਿਵਾਸ ਦੇ ਖੁਲ੍ਹੇ ਪ੍ਰਾਂਗਣ 'ਚ ਹਰ ਸਾਲ ਦੀ ਤਰ੍ਹਾਂ 22 ਤੋਂ 26 ਮਾਰਚ ਤੱਕ ਲੰਗਰ ਸੇਵਾ ਕੀਤੀ ਗਈ। ਏਸੇ ਤਰ੍ਹਾਂ ਬਾਬਾ ਸੁੱਚਾ ਸਿੰਘ ਜੀ ਵਲੋਂ ਗੁਰੂ ਕੇ ਲੰਗਰ ਵਿੱਚ ਅਤੇ ਭਾਈ ਲਾਲੋ ਜੀ ਸੰਸਥਾ ਵਲੋਂ ਵੀ ਲੰਗਰਾਂ ਦੀ ਸੇਵਾ ਵਿੱਚ ਯੋਗਦਾਨ ਦਿਤਾ ਗਿਆ। ਡਾ. ਵਿਜੇ ਸਤਬੀਰ ਸਿੰਘ ਨੇ ਦਸਿਆ ਕਿ 24 ਮਾਰਚ ਦੀ ਰਾਤ ਨੂੰ ਸਿੱਖ ਸੇਵਕ ਜੱਥਾ ਦਿਲੀ ਅਤੇ 25 ਮਾਰਚ ਦੀ ਰਾਤ ਨੂੰ ਭਾਈ ਜੈਮਲ ਸਿੰਘ ਸਹਿਗਲ ਪਰਿਵਾਰ ਮੁੰਬਈ ਵਲੋਂ ਕੀਰਤਨ ਸਮਾਗਮ ਕਰਵਾਏ ਗਏ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜੱਥਿਆਂ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ 26 ਮਾਰਚ ਨੂੰ ਸ਼ਾਮ ਠੀਕ 4 ਵਜੇ ਤਖ਼ਤ ਸਾਹਿਬ ਤੋਂ ਨਗਰ ਕੀਰਤਨ (ਮਹੱਲਾ) ਆਰੰਭ ਹੋਇਆ ਜਿਸ ਵਿੱਚ ਨਿਸ਼ਾਨ ਸਾਹਿਬ, ਗੁਰੂ ਸਾਹਿਬ ਜੀ ਦੇ ਘੋੜੇ, ਕੀਰਤਨੀ ਜਥੇ, ਭਜਨ ਮੰਡਲੀਆਂ, ਗਤਕਾ ਪਾਰਟੀਆਂ ਆਦਿ ਸ਼ਾਮਿਲ ਹੋਈਆਂ। ਪੂਰੇ ਜਾਹੋ ਜਲਾਲ ਨਾਲ ਇਹ ਮਹੱਲਾ ਪਰੰਪਰਾਗਤ ਮਾਰਗਾਂ ਤੋਂ ਹੁੰਦੇ ਹੋਏ ਹੱਲਾ ਬੋਲ ਚੌਂਕ (ਮਹਾਂਵੀਰ ਚੌਂਕ) ਵਿਖੇ ਪੁਜਿਆ ਤੇ ਏਥੇ ਪਰੰਪਰਾਗਤ ਹੱਲੇ ਦਾ ਦ੍ਰਿਸ਼ ਵੇਖਣ ਯੋਗ ਸੀ। ਇਸ ਮਹੱਲੇ ਦੀ ਸ਼ਹਿਰ ਦੇ ਵੱਖ ਵੱਖ ਮਾਰਗਾਂ ਤੋਂ ਹੋਕੇ ਦੇਰ ਰਾਤ ਚਲਕਰ ਤਖ਼ਤ ਸੱਚਖੰਡ ਸਾਹਿਬ ਵਿਖੇ ਪੁੱਜਕੇ ਸਮਾਪਤੀ ਹੋਈ। ਡਾ. ਵਿਜੇ ਸਤਬੀਰ ਸਿੰਘ ਤੇ ਸ੍ਰ: ਜਸਵੰਤ ਸਿੰਘ ਬੌਬੀ ਨੇ ਪੁੱਜੀਆਂ ਸੰਗਤਾਂ ਦਾ ਤਹਿਦਿਲੋਂ ਧੰਨਵਾਦ ਕੀਤਾ।

### ਅਕਾਲ ਅਕੈਡਮੀ ਬਾਘਾ ਦੇ ਨਤੀਜੇ ਐਲਾਨੇ, ਮਾਪਿਆਂ ਵਿੱਚ ਭਾਰੀ ਉਤਸ਼ਾਹ


# ਅਕੈਡਮੀ ਵਧੀਆ ਸੇਵਾਵਾਂ ਦੇਣ ਲਈ ਵਚਨਵੱਧ- ਪ੍ਰਿੰਸੀਪਲ ਪ੍ਰੀਅਮ ਪਾਰਾਸ਼ਰ

ਤਲਵੰਡੀ ਸਾਬੋ, 27 ਮਾਰਚ (ਗੁਰਜੰਟ ਸਿੰਘ ਨਥੇਹਾ)- ਅਕਾਲ ਅਕੈਡਮੀ ਬਾਘਾ ਵਿਖੇ ਸੈਸ਼ਨ 2023-24 ਦੇ ਨਤੀਜੇ ਐਲਾਨੇ ਗਏ। ਬੱਚਿਆਂ ਦੇ ਨਤੀਜੇ ਬਹੁਤ ਹੀ ਸ਼ਾਨਦਾਰ ਰਹੇ ਜਿਸ ਨਾਲ ਮਾਪਿਆਂ ਵਿੱਚ ਕਾਫੀ ਉਤਸ਼ਾਹ ਪਾਇਆ ਗਿਆ। ਸ਼ੁਰੂਆਤ ਸ੍ਰੀ ਨਿਤਨੇਮ ਸਾਹਿਬ ਦੇ ਪਾਠ ਨਾਲ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਜਮਾਤ ਨਰਸਰੀ ਵਿੱਚੋਂ ਇੰਦਰਜੋਤ ਸਿੰਘ ਨੇ ਪਹਿਲਾ, ਕੀਰਤ ਕੌਰ ਨੇ ਦੂਜਾ ਅਤੇ ਯੁਵਰਾਜ ਸਿੰਘ ਚਹਿਲ ਨੇ ਤੀਸਰਾ ਦਰਜਾ ਹਾਸਲ ਕੀਤਾ। ਜਮਾਤ ਕੇ.ਜੀ. (ਏ) ਵਿੱਚੋਂ ਗੁਰਮਨ ਕੌਰ ਨੇ ਪਹਿਲਾ, ਅਦਰਸ਼ਪ੍ਰੀਤ ਕੌਰ ਨੇ ਦੂਜਾ ਅਤੇ ਅਰਸ਼ਪ੍ਰੀਤ ਕੌਰ ਨੇ ਤੀਸਰਾ ਦਰਜਾ ਹਾਸਲ ਕੀਤਾ। ਜਮਾਤ ਕੇ.ਜੀ.(ਬੀ) ਵਿੱਚੋਂ ਗੁਰਸ਼ਰਨ ਕੌਰ, ਮਹਿਤਾਬ ਕੌਰ ਅਤੇ ਅਗਮਪ੍ਰੀਤ ਸਿੰਘ ਨੇ ਪਹਿਲਾ, ਗੁਰਸਾਂਝ ਕੌਰ ਨੇ ਦੂਜਾ ਅਤੇ ਵਾਨੀਕਾ ਅਤੇ ਰਵਨੀਤ ਕੌਰ ਨੇ ਤੀਸਰਾ ਦਰਜਾ ਹਾਸਲ ਕੀਤਾ। ਪਹਿਲੀ (ਏ) ਵਿੱਚੋਂ ਦਿਲਸ਼ਾਨ ਕੌਰ ਨੇ ਪਹਿਲਾ, ਤਸਮੀਨ ਕੌਰ ਨੇ ਦੂਜਾ ਅਤੇ ਨਵਕੀਰਤ ਕੌਰ ਨੇ ਤੀਸਰਾ ਦਰਜਾ ਹਾਸਲ ਕੀਤਾ। ਪਹਿਲੀ (ਬੀ) ਵਿੱਚੋਂ ਪ੍ਰਭਲੀਨ ਕੌਰ ਨੇ ਪਹਿਲਾ, ਯਸ਼ਮੀਤ ਕੌਰ ਨੇ ਦੂਜਾ ਅਤੇ ਜਸਮੀਨ ਕੌਰ ਨੇ ਤੀਸਰਾ ਦਰਜਾ ਹਾਸਲ ਕੀਤਾ। ਜਮਾਤ ਦੂਜੀ ਵਿੱਚੋਂ ਹੁਸਨਪ੍ਰੀਤ ਕੌਰ ਨੇ ਪਹਿਲਾ, ਮਨਰੀਤ ਕੌਰ ਨੇ ਦੂਜਾ ਅਤੇ ਮਨਤਾਜ ਸਿੰਘ ਨੇ ਤੀਸਰਾ ਦਰਜਾ ਹਾਸਲ ਕੀਤਾ। ਤੀਸਰੀ ਵਿੱਚੋਂ ਅਸ਼ਮੀਤ ਕੌਰ ਨੇ ਪਹਿਲਾ, ਕਰਨਵੀਰ ਸਿੰਘ ਬਰਾੜ ਨੇ ਦੂਜਾ ਅਤੇ ਕੰਵਨਰੀਤ ਕੌਰ ਨੇ ਤੀਸਰਾ ਦਰਜਾ ਹਾਸਲ ਕੀਤਾ। ਚੌਥੀ ਵਿੱਚੋਂ ਗਗਨਦੀਪ ਕੌਰ ਨੇ ਪਹਿਲਾ, ਜਸਕੀਰਤ ਕੌਰ ਨੇ ਦੂਜਾ ਅਤੇ ਗੁਰਰਹਿਮਤ ਕੌਰ ਨੇ ਤੀਸਰਾ ਦਰਜਾ ਹਾਸਿਲ ਕੀਤਾ। ਪੰਜਵੀਂ (ਏ) ਵਿੱਚੋਂ ਹਰਮਨਪ੍ਰੀਤ ਕੌਰ ਨੇ ਪਹਿਲਾ, ਸਵਰੀਨ ਕੌਰ ਨੇ ਦੂਜਾ ਅਤੇ ਸੁਖਮਨ ਕੌਰ ਨੇ ਤੀਸਰਾ ਦਰਜਾ ਹਾਸਿਲ ਕੀਤਾ। ਪੰਜਵੀਂ (ਬੀ) ਵਿੱਚੋਂ ਸਹਿਜਪ੍ਰੀਤ ਕੌਰ ਨੇ ਪਹਿਲਾ, ਮਹਿਕਦੀਪ ਕੌਰ ਨੇ ਦੂਜਾ ਅਤੇ ਪ੍ਰੀਤਇੰਦਰ ਕੌਰ ਨੇ ਤੀਸਰਾ ਦਰਜਾ ਹਾਸਿਲ ਕੀਤਾ। ਛੇਵੀਂ (ਏ) ਵਿੱਚੋਂ ਅਨਮੋਲਪ੍ਰੀਤ ਕੌਰ ਨੇ ਪਹਿਲਾ, ਅਭੀਜੋਤ ਸਿੰਘ ਨੇ ਦੂਜਾ ਅਤੇ ਮਾਹਿਲਪ੍ਰੀਤ ਸਿੰਘ ਨੇ ਤੀਸਰਾ ਦਰਜਾ ਹਾਸਿਲ ਕੀਤਾ। ਛੇਵੀਂ (ਬੀ) ਵਿੱਚੋਂ ਬਿਪਨਪ੍ਰੀਤ ਕੌਰ ਨੇ ਪਹਿਲਾ, ਗੁਰਨੂਰ ਕੌਰ ਨੇ ਦੂਜਾ ਅਤੇ ਨਵਦੀਪ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਸੱਤਵੀਂ (ਏ) ਵਿੱਚੋਂ ਅਵਨੀਤ ਕੌਰ ਨੇ ਪਹਿਲਾ, ਦਿਲਸ਼ਾਨ ਕੌਰ ਨੇ ਦੂਜਾ ਅਤੇ ਸੁਖਮਨੀ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਜਮਾਤ ਸੱਤਵੀਂ (ਬੀ) ਵਿੱਚੋਂ ਅਮਨਦੀਪ ਕੌਰ ਨੇ ਪਹਿਲਾ, ਰੁਪਿੰਦਰ ਕੌਰ ਨੇ ਦੂਜਾ ਅਤੇ ਹੁਸਨਵੀਰ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਅੱਠਵੀਂ ਵਿੱਚੋਂ ਜਸਪ੍ਰੀਤ ਕੌਰ ਨੇ ਪਹਿਲਾ, ਜਗਦੀਪ ਸਿੰਘ ਨੇ ਦੂਜਾ ਅਤੇ ਖੁਸ਼ਮਨਦੀਪ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਨੌਵੀਂ ਵਿੱਚੋਂ ਸਹਿਜਪ੍ਰੀਤ ਕੌਰ ਨੇ ਪਹਿਲਾ, ਨਵਰੀਤ ਕੌਰ ਅਤੇ ਜਸਨੂਰ ਕੌਰ ਨੇ ਦੂਜਾ ਅਤੇ ਜੈਵੀਰ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਜਮਾਤ ਗਿਆਰਵੀਂ ਵਿੱਚੋਂ ਹਰਸਿਮਰਨਜੀਤ ਕੌਰ ਨੇ ਪਹਿਲਾ, ਖੁਸ਼ਦੀਪ ਕੌਰ ਨੇ ਦੂਜਾ ਅਤੇ ਗੁਰੂਨੂਰ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਸਾਰੇ ਬੱਚਿਆਂ ਦਾ ਹੌਂਸਲਾ ਵਧਾਉਣ ਲਈ ਮੈਡਲ ਵੀ ਵੰਡੇ ਗਏ। ਅਖੀਰ ਵਿੱਚ ਪ੍ਰਿੰਸੀਪਲ ਪ੍ਰੀਅਮ ਪਾਰਾਸ਼ਰ ਨੇ ਅਕੈਡਮੀ ਆਏ ਹੋਏ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਅਕਾਲ ਅਕੈਡਮੀ ਬਾਘਾ ਭਵਿੱਖ ਵਿੱਚ ਹੋਰ ਵੀ ਵਧੀਆ ਸੇਵਾਵਾਂ ਦੇਣ ਲਈ ਵਚਨਵੱਧ ਹੈ। ਇਸ ਮੌਕੇ ਸਟਾਫ਼ ਮੈਂਬਰ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।




ਆਵਾਜ਼ਿ ਕੌਮ AWAZE QAUM International Newspaper & WEB TV

# ਜਗਤਾਰ ਸ਼ੇਰਗਿੱਲ ਜੀ ਦੀ ਕਿਤਾਬ "ਐਂ ਕਿਵੇਂ ?" ਦੀ ਸਮੀਖਿਆ- ਰਸ਼ਿਪੰਦਰ ਕੌਰ ਗਿੱਲ






ਜਗਤਾਰ ਸ਼ੇਰਗਿੱਲ ਜੀ ਦੀ ਕਿਤਾਬ ਮੇਰੇ ਕੋਲ ਜਦੋਂ ਪਹੁੰਚੀ ਤਾਂ ਕਿਤਾਬ ਦਾ ਸਿਰਲੇਖ "ਐਂ ਕਿਵੇਂ ?" ਬੜਾ ਹੀ ਦਿਲਚਸਪ ਲੱਗਿਆ ਮੈਨੂੰ। ਕਿਤਾਬ ਦੇ ਸਿਰਲੇਖ ਅਤੇ ਉਸਦੇ ਕਵਰ ਵਿੱਚੋਂ ਮੈਂ ਹਮੇਸ਼ਾਂ ਕਿਤਾਬ ਦੇ ਵਿੱਚਲੀ ਲੇਖਣੀ ਦਾ ਅੰਦਾਜ਼ਾ ਲਗਾਉਣ ਦੀ ਕੋਸ਼ਸ਼ ਕਰਦੀ ਹਾਂ। ਇਸ ਕਿਤਾਬ ਵਿੱਚ ਮੈਨੂੰ ਲੱਗਿਆ ਕਿ ਲੇਖਕ ਨੇ ਜ਼ਰੂਰ ਉਨ੍ਹਾਂ ਹਲਾਤਾਂ ਨੂੰ ਬਿਆਨ ਕੀਤਾ ਹੋਵੇਗਾ, ਜਦੋਂ ਕੁਝ ਇਸ ਤਰਾਂ ਦਾ ਵਾਪਰ ਜਾਂਦਾ ਹੈ ਜਿਸ ਤੋਂ ਅਸੀਂ ਅਣਜਾਨ ਹੁੰਦੇ ਹਾਂ ਅਤੇ ਅਸੀਂ ਹੈਰਾਨ ਹੋ ਜਾਂਦੇ ਹਾਂ ਕਿ ਇਹ ਕਿਵੇਂ ਹੋ ਗਿਆ ? ਸਾਨੂੰ ਪਤਾ ਹੀ ਨਹੀਂ ਲੱਗਾ।

ਕਿਤਾਬ ਨੂੰ ਖੋਲਦਿਆਂ "ਸਮਰਪਣ" ਪੜ੍ਹਦਿਆਂ ਇੰਜ ਲੱਗਾ ਕਿ ਕਿਤਾਬ ਜ਼ਰੂਰ ਮਿਹਨਤ ਕਸ਼ ਮਜ਼ਦੂਰ ਵਰਗ ਦੀਆਂ ਕਹਾਣੀਆਂ ਦਰਸਾਏਗੀ ਕਿਉਂਕਿ ਲੇਖਕ ਨੇ ਇਹ ਕਿਤਾਬ ਸਮਰਪਣ ਕੀਤੀ ਹੈ "ਆਪਣੀ ਹੋਂਦ ਨੂੰ ਤਲਾਸ਼ਦੇ ਕਿਰਤੀਆਂ ਦੇ ਨਾਂ"। ਤੱਤਕਰਾ ਪੜ ਕੇ ਪਤਾ ਲੱਗਾ ਕਿ ਇਸ ਕਿਤਾਬ ਵਿੱਚ ਤਕਰੀਬਨ 12 ਕਹਾਣੀਆਂ ਪੜਣ ਨੂੰ ਮਿਲਣ ਗਈਆਂ।

1. ਅਗਲੇ ਸਾਲ ਸਹੀ
2. ?ਹੱਥ ਨਾ ਵਢਾਈਂ
3. ?ਚੁਆਨੀ ਦਾ ਭਾਰ
4. ?ਕੱਖ ਨਾ ਰਹੇ
5. ?ਲਵ ਯੂ ਜ਼ਿੰਦਗੀ
6. ?ਕਿਉਂਕਿ ਮੈਂ ਖੁਦਕੁਸ਼ੀ ਨਹੀਂ ਕੀਤੀ
7. ?ਐਂ ਕਿਵੇਂ ?
8. ?ਟੌਰੇ ਆਲੀ ਪੱਗ
9. ?ਪੰਜਾਲੀ
10. ?ਟੌਰੇ ਆਲੀ ਪੱਗ-2
11. ?ਲੰਕਾ ਦਾ ਚੋਰ
12. ?ਹਾਜ਼ਰ ਜੀ

ਕਹਾਣੀਆਂ ਦੇ ਸਿਰਲੇਖ ਬਹੁਤ ਰੌਚਕ ਲੱਗੇ ਮੈਨੂੰ। ਅਸ਼ਵਨੀ ਬਾਗੜੀਆਂ ਜੀ ਦੇ ਵਿਚਾਰ ਪੜ ਕੇ ਪਤਾ ਲੱਗਾ ਕਿ ਲੇਖਕ ਜਗਤਾਰ ਸ਼ੇਰਗਿੱਲ ਜੀ ਦੀ ਇਹ ਪਹਿਲੀ ਕਿਤਾਬ ਨਹੀਂ ਦੂਸਰੀ ਕਿਤਾਬ ਹੈ। ਪਹਿਲੀ ਕਿਤਾਬ ਜਗਤਾਰ ਸ਼ੇਰਗਿੱਲ ਜੀ ਦਾ ਨਾਵਲ "ਇੱਕ ਸੀ ਮੰਗਾ" ਹੈ। ਲੇਖਕ ਦੇ ਆਪਣੇ ਸ਼ਬਦ ਪੜ ਕੇ ਪਤਾ ਲੱਗਾ ਕਿ ਕਿਸ ਤਰਾਂ ਲੇਖਕ ਬਚਪਨ ਤੋਂ ਹੀ ਆਪਣੇ ਪਿਤਾ ਸਰਦਾਰ ਗੁਰਚਰਨ ਸਿੰਘ ਜੀ ਦੇ ਸਦਕਾ ਕਹਾਣੀਆਂ ਨਾਲ ਜੁੜਿਆ ਹੋਇਆ ਹੈ। ਪਹਿਲੀ ਕਹਾਣੀ "ਅਗਲੇ ਸਾਲ ਸਹੀ" ਇੱਕ ਕਿਸਾਨ ਦੀ ਜ਼ਿੰਦਗੀ, ਰਹਿਣੀ ਅਤੇ ਉਸਦੀ ਮਨੋਦਸ਼ਾਂ ਨੂੰ ਦਰਸਾਉਂਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਦੂਸਰੀ ਕਹਾਣੀ "ਹੱਥ ਨਾ ਵਢਾਈਂ" ਵੀ ਪਿੰਡਾਂ ਵਿੱਚ ਰਹਿਣ ਵਾਲੇ ਇੱਕ ਸਿੱਧਰੇ ਸ਼ਖ਼ਸ ਦੀ ਜ਼ਿੰਦਗੀ ਨੂੰ ਬਿਆਨ ਕਰਦੀ ਹੈ।

ਤੀਸਰੀ ਕਹਾਣੀ "ਚੁਆਨੀ ਦਾ ਭਾਰ" ਇੱਕ ਕਿਸਾਨ ਦੀ ਕਚਹਿਰੀਆਂ ਅਤੇ ਵਕੀਲਾਂ ਨਾਲ ਵਾਅ੍ਹ-ਵਾਸਤਾ ਦਰਸਾਉਂਦੀ ਹੈ।

ਚੌਥੀ ਕਹਾਣੀ "ਕੱਖ ਨਾ ਰਹੇ" ਇੱਕ ਮਾਂ ਦੇ ਹਉਕਿਆਂ ਨੂੰ ਬਿਆਨ ਕਰਦੀ ਹੋਈ ਦੇਸ਼ ਦੀ ਵੰਡ ਦਾ ਡਰਾਵਣਾ ਰੂਪ ਪੇਸ਼ ਕਰਦੀ ਹੈ।

ਪੰਜਵੀਂ ਕਹਾਣੀ "ਲਵ ਯੂ ਜ਼ਿੰਦਗੀ" ਨੇ ਤਾਂ ਅੱਜ ਦੇ ਸਮਾਜ ਦੀ ਸਹੀ ਮਾਇਣੇ ਵਿੱਚ ਪਰਿਭਾਸ਼ਾ ਬਿਆਨ ਕੀਤੀ ਹੈ।

ਛੇਵੀਂ ਕਹਾਣੀ "ਕਿਉਂਕਿ ਮੈਂ ਖੁਦਕੁਸ਼ੀ ਨਹੀਂ ਕੀਤੀ" ਅੱਜ ਦੇ ਨੌਜਵਾਨਾਂ ਲਈ ਇੱਕ ਪ੍ਰੇਰਣਾ ਹੈ। ਸੱਤਵੀਂ ਕਹਾਣੀ "ਐ ਕਿਵੇਂ ?" ਪਿੰਡਾਂ ਦੇ ਵਿਹਾਰ, ਸੱਥਾਂ ਵਿੱਚ ਹੁੰਦੇ ਹਾਸੇ-ਠੱਠੇ, ਨਾਮ ਦੀਆਂ ਅੱਲਾਂ, ਜ਼ਿੰਦਗੀ ਦੀਆਂ ਹਕੀਕਤਾਂ ਅਤੇ ਅਣਖਾਂ ਨੂੰ ਬਿਆਨ ਕਰਦੀ ਹੈ।

ਅੱਠਵੀਂ ਕਹਾਣੀ "ਟੌਰੇ ਵਾਲੀ ਪੱਗ" ਨੇ ਤਾਂ ਅੱਖਾਂ ਵਿੱਚ ਅੱਥਰੂ ਹੀ ਲੈ ਆਂਦੇ।

ਨੌਵੀਂ ਕਹਾਣੀ "ਪੰਜਾਲੀ" ਕਿਸਾਨਾਂ ਦੀ ਹੱਡ ਭਣਵੀ ਮਿਹਨਤ, ਕਰਜ਼ੇ ਨਾਲ ਜੂਝਦੀਆਂ ਕਿਸਾਨਾਂ ਦੀਆਂ ਕਈ ਪੀੜੀਆਂ ਅਤੇ ਸਰਕਾਰਾਂ ਅੱਗੇ ਲੱਗਦੇ ਕਿਸਾਨਾਂ ਦੇ ਧਰਨਿਆਂ ਨੂੰ ਦਰਸਾਉਂਦੀ ਹੈ।

ਦੱਸਵੀਂ ਕਹਾਣੀ "ਟੌਰੇ ਵਾਲੀ ਪੱਗ-2" ਦੁਬਾਰਾ ਫਿਰ ਅੱਖਾਂ ਭਰ ਗਈ ਮੇਰੀ।

ਗਿਆਰਵੀਂ ਕਹਾਣੀ "ਲੰਕਾ ਦਾ ਚੋਰ" ਕਲੇਜਾ ਪਾੜਦੀ ਹੋਈ ਕਈ ਧੀਆਂ ਦੀਆਂ ਗਲਤੀਆਂ ਅਤੇ ਲਾਚਾਰੀ ਨੂੰ ਬਿਆਨ ਕਰ ਰਹੀ ਹੈ।

ਬਾਰਵੀਂ ਕਹਾਣੀ "ਹਾਜ਼ਰ ਜੀ" ਉਸ ਜ਼ਮਾਨੇ ਦੇ ਅਧਿਆਪਕ ਨੂੰ ਦਰਸਾਉਂਦੀ ਹੈ ਜੋ ਸਹੀ ਮਾਇਨੇ ਵਿੱਚ ਆਪਣੇ ਸ਼ਾਗਿਰਦਾਂ ਨੂੰ ਗੁਰੂ ਬਣ ਕੇ ਸਾਂਭ ਦੇ ਸੀ। ਅੱਜ ਦੇ ਜ਼ਮਾਨੇ ਵਿੱਚ ਤਾਂ ਗੁਰੂ ਵੀ ਵਿੱਕਦਾ ਹੈ ਤੇ ਗਿਆਨ ਵੀ।

ਕਿਤਾਬ ਵਿਚਲੀਆਂ ਕਹਾਣੀਆਂ ਲੇਖਕ ਨੇ ਆਪਣੇ ਆਸੇ-ਪਾਸੇ ਤੋਂ ਹੀ ਚੁਣੀਆਂ ਹਨ। ਜਿੱਥੇ ਲੇਖਕ ਨੇ ਪੇਂਡੂ ਜੀਵਨ ਨੂੰ ਦਰਸਾਇਆ ਹੈ ਉੱਥੇ ਹੀ ਦੋ ਕਹਾਣੀਆਂ ਸ਼ਹਿਰੀ ਜੀਵਨ ਨੂੰ ਵੀ ਦਰਸਾਉਂਦੀਆਂ ਹਨ। ਕਹਾਣੀਆਂ ਵਿੱਚੋਂ ਜਿੱਥੇ ਲੇਖਕ ਕੁਝ ਸਿੱਖਿਆ ਦੇ ਰਿਹਾ ਹੈ ਉੱਥੇ ਹੀ ਜ਼ਿੰਦਗੀ ਦੀਆਂ ਤਕਲੀਫਾਂ ਵੀ ਲਿਖ ਰਿਹਾ ਹੈ। ਮਨ ਪਸੀਜਦਾ ਹੈ ਲੇਖਕ ਦੀਆਂ ਕਹਾਣੀਆਂ ਪੜ੍ਹ ਕੇ। ਨੌਜਵਾਨ ਪੀੜੀ ਦੇ ਹੱਥਾਂ ਤੱਕ ਇਹ ਕਿਤਾਬ ਜ਼ਰੂਰ ਪਹੁੰਚਣੀ ਚਾਹਿਦੀ ਹੈ ਕਿਉਂਕਿ ਲੇਖਕ ਜਗਤਾਰ ਸ਼ੇਰਗਿੱਲ ਦੀਆਂ ਇਹ ਬਾਰਾਂ ਕਹਾਣੀਆਂ ਦੀ ਕਿਤਾਬ ਅਗਲੇਰੀ ਪੀੜੀ ਨੂੰ ਸਮਾਜਿਕ ਅਤੇ ਬੌਧਿਕ ਦੋਵੇਂ ਪੱਖ ਤੋਂ ਮਜ਼ਬੂਤ ਕਰਣ ਵਿੱਚ ਸਹਾਈ ਹੋਵੇਗੀ। ਬਹੁਤ ਖੁਸ਼ੀ ਹੋਈ ਜਗਤਾਰ ਸ਼ੇਰਗਿੱਲ ਜੀ ਦੀ ਕਿਤਾਬ ਪੜ੍ਹ ਕੇ। ਉਨ੍ਹਾਂ ਦੀ ਅਗਲੀ ਕਿਤਾਬ ਦੀ ਉਡੀਕ ਵਿੱਚ ਮੈਂ।

**-ਰਸ਼ਿਪੰਦਰ ਕੌਰ ਗਿੱਲ**
**ਲੇਖਕ, ਐਂਕਰ, ਸੰਪਾਦਕ, ਸੰਸਥਾਪਕ, ਪ੍ਰਧਾਨ- ਪੀਂਘਾਂ ਸੋਚ ਦੀਆਂ ਸਾਹਿਤ ਮੰਚ, ਪਬਲੀਕੇਸ਼ਨ, ਮੈਗਜ਼ੀਨ-ਅੰਮ੍ਰਿਤਸਰ +91-9888697078**

**ਆਲ ਇੰਡੀਆ ਇੰਟਰ ਯੂਨੀਵਰਸਿਟੀ ਕਰਾਟੇ ਚੈਂਪੀਅਨਸ਼ਿਪ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਬਣੀ "ਰਨਰ-ਅੱਪ ਚੈਂਪੀਅਨ"**

# ਰਾਹੁਲ, ਅਕਸ਼ੈ, ਨੀਰਜ, ਮਹਿਮਾ ਅਤੇ ਜੋਤੀ ਨੇ ਸੋਨ ਤਗਮਿਆਂ 'ਤੇ ਮਾਰਿਆ ਪੰਚ







**ਤਲਵੰਡੀ ਸਾਬੋ, 27 ਮਾਰਚ (ਗੁਰਜੰਟ ਸਿੰਘ ਨਥੇਹਾ)**-ਅਕਾਦਮਿਕ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਹਰ ਰੋਜ ਨਵੇਂ ਦਸਹਿੱਦੇ ਸਥਾਪਿਤ ਕਰ ਰਹੀ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਹੋਈ ਆਲ ਇੰਡੀਆ ਇੰਟਰ ਯੂਨੀਵਰਸਿਟੀ ਕਰਾਟੇ ਚੈਂਪੀਅਨਸ਼ਿਪ ਵਿੱਚ 5 ਸੋਨ, 1 ਚਾਂਦੀ ਅਤੇ 1 ਕਾਂਸੇ ਦਾ ਤਮਗਾ ਜਿੱਤ ਕੇ "ਰਨਰ-ਅੱਪ ਚੈਂਪੀਅਨ" ਹੋਣ ਦਾ ਮਾਣ ਹਾਸਿਲ ਕੀਤਾ।ਖਿਡਾਰੀਆਂ ਦੀ ਇਸ ਸ਼ਾਨਾਮੱਤੀ ਪ੍ਰਾਪਤੀ ਤੇ ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਨੇ ਆਪਣੇ ਵਧਾਈ ਸੰਦੇਸ਼ ਵਿੱਚ ਉਨ੍ਹਾਂ ਦੇ ਖੇਡ ਕੌਸ਼ਲ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਖਿਡਾਰੀਆਂ ਦੀ ਇਸ ਪ੍ਰਾਪਤੀ ਨੇ ਇਲਾਕੇ ਅਤੇ ਯੂਨੀਵਰਸਿਟੀ ਦਾ ਨਾਮ ਰੌਸ਼ਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਰਾਟੇ ਖੇਡ ਸ਼ੋਹਰਤ ਦੇ ਨਾਲ-ਨਾਲ ਲੜਕੀਆਂ ਵਾਸਤੇ ਆਤਮ-ਰੱਖਿਆ ਲਈ ਬਹੁਤ ਸ਼ਾਨਦਾਰ ਹੁਨਰ ਹੈ। ਉਨ੍ਹਾਂ ਇਸ ਪ੍ਰਾਪਤੀ 'ਤੇ ਉਪ ਕੁਲਪਤੀ, ਡਾਇਰੈਕਟਰ ਸਪੋਰਟਸ, ਕੋਚ ਅਤੇ ਖਿਡਾਰੀਆਂ ਨੂੰ ਵਧਾਈ ਦਿੱਤੀ। ਉਪ ਕੁਲਪਤੀ ਪ੍ਰੋ.(ਡਾ.) ਐਸ.ਕੇ.ਬਾਵਾ ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਖਿਡਾਰੀਆਂ ਨੂੰ ਆਪਣੇ ਟੀਚਿਆਂ ਨੂੰ ਹਾਸਿਲ ਕਰਨ ਲਈ ਸਖ਼ਤ ਮਿਹਨਤ ਅਤੇ ਲਗਾਤਾਰ ਅਭਿਆਸ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਖਿਡਾਰੀਆਂ ਦੀਆਂ ਪ੍ਰਾਪਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਵਰਸਿਟੀ ਪ੍ਰਬੰਧਕਾਂ ਵੱਲੋਂ ਜਲਦੀ ਹੀ ਮਾਹਿਰ ਕੋਚ ਸਾਹਿਬਾਨ ਦੀ ਦੇਖ-ਰੇਖ ਹੇਠ ਵਰਸਿਟੀ ਵਿਖੇ ਕਰਾਟੇ ਅਕੈਡਮੀ ਖੁੱਲਣ ਜਾ ਰਹੀ ਹੈ ਜੋ ਖਿਡਾਰੀਆਂ ਨੂੰ ਆਪਣੇ ਖੇਡ ਕੌਸ਼ਲ ਨੂੰ ਨਿਖਾਰਣ ਵਿੱਚ ਸਹਾਈ ਹੋਵੇਗੀ। ਨਿਰਦੇਸ਼ਕ ਖੇਡਾਂ ਡਾ. ਬਲਵਿੰਦਰ ਕੁਮਾਰ ਸ਼ਰਮਾ ਨੇ ਦੱਸਿਆ ਕਿ ਚੈਂਪੀਅਨਸ਼ਿਪ ਵਿੱਚ ਕੋਚ ਸਿਮਰਨਜੀਤ ਸਿੰਘ ਬਰਾੜ ਦੀ ਕੋਚਿੰਗ ਹੇਠ ਜੀ.ਕੇ.ਯੂ. ਦੇ ਖਿਡਾਰੀ ਰਾਹੁਲ ਨੇ -60 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ, ਅਕਸ਼ੈ ਨੇ -84 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ, ਨੀਰਜ ਸ਼ਰਮਾ ਨੇ +84 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ, ਲੜਕੀਆਂ ਵਿੱਚੋਂ ਮਹਿਮਾ ਨੇ -68 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ, ਜੋਤੀ ਨੇ -61 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ, ਦੀਪਿਕਾ ਨੇ -50 ਕਿਲੋਗ੍ਰਾਮ ਭਾਰ ਵਰਗ ਵਿੱਚ ਚਾਂਦੀ ਦਾ ਤਗਮਾ ਜਿੱਤਿਆ ਹੈ। ਇਸ ਤੋਂ ਇਲਾਵਾ ਜੀ.ਕੇ.ਯੂ.ਦੀ ਟੀਮ ਕੁਮੀਤੇ (ਲੜਕੀਆਂ) ਦੀ ਟੀਮ ਵਿੱਚ ਨੰਦਨੀ ਦੀਕਸ਼ਤ, ਵੈਸ਼ਨਵੀ ਪਾਂਡੇ, ਮਹਿਮਾ ਚੌਧਰੀ, ਦੀਪਿਕਾ ਅਤੇ ਜੋਤੀ ਨੇ ਕਾਂਸੇ ਦੇ ਤਗਮੇ 'ਤੇ ਕਬਜਾ ਕੀਤਾ। ਉਨ੍ਹਾਂ ਇਸ ਪ੍ਰਾਪਤੀ ਤੇ ਸਮੂਹ ਪ੍ਰਬੰਧਕਾਂ, ਅਧਿਕਾਰੀਆਂ, ਕੋਚ ਅਤੇ ਖਿਡਾਰੀਆਂ ਨੂੰ ਵਧਾਈ ਦਿੱਤੀ।

**ਪੀ.ਬੀ.ਐਸ ਸਾਪਿੰਗ ਸੈਂਟਰ ਮਾਲਕਾ ਨੇ ਕੀਤਾ ਨਿਵੇਕਲਾ ਉਪਰਾਲਾ**

# ਪੀ.ਬੀ.ਐਸ ਨੇ ਵਰਕਰਾ ਨੂੰ ਖਾਲਸਾਈ ਰੰਗ ਵਿੱਚ ਰੰਗ ਕੇ ਕਰਵਾਏ ਧਾਰਮਿਕ ਅਸਥਾਨਾਂ ਦੇ ਦਰਸ਼ਨ



**ਚੌਂਕ ਮਹਿਤਾ, 27ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸਥਾਨਕ ਕਸਬਾ ਚੌਂਕ ਮਹਿਤਾ ਵਿਖੇ ਨਿਵੇਕਲੀ ਪਹਿਚਾਣ ਬਣਾ ਚੁੱਕੇ ਪੀ.ਬੀ.ਐਸ ਸਾਪਿੰਗ ਸੈਂਟਰ ਦੇ ਮਾਲਕ ਪ੍ਰਮਜੀਤ ਸਿੰਘ, ਬਲਕਾਰ ਸਿੰਘ, ਸਤਨਾਮ ਸਿੰਘ ਵੱਲੋਂ ਹੋਲੇ ਮਹੱਲੇ ਨੂੰ ਮੁੱਖ ਰੱਖਦੇ ਹੋਏ ਆਪਣੇ ਸਮੂਹ ਵਰਕਰਾਂ ਨੂੰ ਕੇਸਰੀ ਪੱਗਾ ਅਤੇ ਮਹਿਲਾ ਵਰਕਰਾਂ ਨੂੰ ਕੇਸਰੀ ਦੁੱਪਟੇ ਦੇ ਕੇ ਸ੍ਰੀ ਆਨੰਦਪੁਰ ਸਹਿਬ ਵਿਖੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਲਿਜਾਇਆ ਗਿਆ। ਸਾਪਿੰਗ ਸੈਟਰ ਮਾਲਕ ਭਰਾਵਾ ਨੇ ਕਿਹਾ ਕਿ ਵਰਕਰ ਸਾਡੇ ਕਾਰੋਬਾਰ ਦੇ ਨਾਲ ਸਾਡੇ ਪਰਿਵਾਰਕ ਮੈਂਬਰਾਂ ਦੀ ਤਰ੍ਹਾਂ ਹਨ ਤੇ ਉਹਨ੍ਹਾਂ ਦੇ ਦੁੱਖ ਸੁੱਖ ਵੇਲੇ ਵੀ ਅਸੀ ਮੋਹਢੇ ਨਾਲ ਮੋਹਢਾ ਲਗਾ ਕਿ ਖੜੇ ਹਾਂ। ਉਹਨਾਂ ਦੀ ਖੁਸ਼ੀ ਅਤੇ ਸਮਾਜ ਭਲਾਈ ਕੰਮਾਂ ਲਈ ਹਮੇਸਾ ਪਹਿਲ ਕਦਮੀ ਕਰਦੇ ਰਹਾਗੇ।ਇਸ ਮੋਕੇ ਅਜੀਤ ਸਿੰਘ, ਜਗਦੀਪ ਸਿੰਘ,ਜਸਦੀਪ ਸਿੰਘ,ਸਤਪਾਲ ਸਿੰਘ, ਸਹਿਜਪਾਲ ਸਿੰਘ, ਪਰਮਬੀਰ ਸਿੰਘ ਜਤਿੰਦਰ ਸਿੰਘ ਬਾਠ, ਨਿਰਮਲ ਸਿੰਘ ਸੰਤੋਖ ਸਿੰਘ, ਕੁਲਵਿੰਦਰ ਸਿੰਘ ਆਦਿ ਤੋਂ ਇਲਾਵਾ ਸਾਪਿੰਗ ਸੈਟਰ ਦੇ ਸਮੂਹ ਵਰਕਰਜ਼ ਸੰਦੀਪ ਕੌਰ,ਨਵਨੀਤ ਕੌਰ,ਬਿਕਰਮਜੀਤ ਸਿੰਘ, ਗੁਰਪ੍ਰੀਤ ਕੌਰ, ਗੁਰਭੇਜ ਸਿੰਘ,ਅਮਨਦੀਪ ਸਿੰਘ,ਹਰਪ੍ਰੀਤ ਸਿੰਘ,ਵਿਜੈ ਕੁਮਾਰ,ਪ੍ਰਭਨੂਰ ਸਿੰਘ, ਸ਼ਰਨਜੀਤ ਕੌਰ,ਸੁਖਮਨਦੀਪ ਸਿੰਘ,ਸੁਨੇਹਾ ਰਾਣੀ,ਮਹਿਕਪ੍ਰੀਤ ਕੌਰ,ਰਾਜਬੀਰ ਕੌਰ, ਸਿਮਰਨ, ਲਵਜੋਤ ਸਿੰਘ, ਹਰਜੀਤ ਕੌਰ,ਗੁਰਮੁੱਖ ਸਿੰਘ, ਕਰਮਜੀਤ ਕੌਰ, ਰਾਜਵੰਤ ਕੌਰ, ਹਰਪ੍ਰੀਤ ਸਿੰਘ, ਰਮਨਦੀਪ ਕੌਰ, ਪ੍ਰਵੀਨ ਰਾਣੀ, ਜਸਪਾਲ ਸਿੰਘ,ਕਵਲਜੀਤ ਕੌਰ, ਰਵਿੰਦਰ ਸਿੰਘ ,ਹਰਮਨਦੀਪ ਕੌਰ, ਅਜੈਪਾਲ ਸਿੰਘ, ਰਣਬੀਰ ਸਿੰਘ,ਰਣਜੀਤ ਸਿੰਘ, ਰਾਜਿੰਦਰ ਸਿੰਘ,ਮਨਪ੍ਰੀਤ ਸਿੰਘ,ਹਰਪ੍ਰੀਤ ਰਾਮ, ਕੁਲਦੀਪ ਸਿੰਘ, ਹਰਮਨਪ੍ਰੀਤ ਕੌਰ,ਸਾਜਨ,ਸਿਮਰਨਜੋਤ ਕੌਰ, ਕੁਲਵਿੰਦਰ ਸਿੰਘ, ਕਾਜਲ,ਸਰਵਨਜੀਤ ਸਿੰਘ,ਨਵਜੀਤ ਸਿੰਘ, ਮਨਪ੍ਰੀਤ ਸਿੰਘ,ਕਿਰਨਪ੍ਰੀਤ ਕੌਰ ਅਤੇ ਹਰਜਿੰਦਰ ਸਿੰਘ ,ਹੀਰਾ ਆਦਿ ਹਾਜ਼ਰ ਸਨ।

# ਦੋਸਤੀ ਦੇ ਰੰਗ ਵਿੱਚ ਰੰਗੇ ਗਏ ਦੋਸਤ ਵੈਲਫੇਅਰ ਦੇ ਵਲੰਟੀਅਰ





ਬਠਿੰਡਾ, ਤਲਵੰਡੀ ਸਾਬੋ, 27 ਮਾਰਚ (ਗੁਰਜੰਟ ਸਿੰਘ ਨਥੇਹਾ)- ਪਿਆਰ-ਮੁਹੱਬਤ ਤੇ ਖੁਸ਼ੀਆਂ ਦਾ ਤਿਉਹਾਰ ਹੋਲੀ ਦੋਸਤ ਵੈਲਫੇਅਰ ਸੋਸਾਇਟੀ (ਰਜਿ.) ਬਠਿੰਡਾ ਦੇ ਵਲੰਟੀਅਰਾਂ ਵੱਲੋਂ ਬੜੇ ਚਾਵਾਂ-ਮਲ੍ਹਾਰਾਂ ਨਾਲ ਮਨਾਇਆ ਗਿਆ। ਇਸ ਮੌਕੇ ਸਭਨਾਂ ਨੇ ਇੱਕ ਦੂਜੇ ਨੂੰ ਗਲੇ ਮਿਲਕੇ ਹੋਲੀ ਦੇ ਤਿਉਹਾਰ ਦੀਆਂ ਸ਼ੁਭ ਕਾਮਨਾਵਾਂ ਭੇਂਟ ਕਰਦੇ ਹੋਏ ਮਿਠਾਈ ਵੰਡੀ। ਦੋਸਤ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਰਮੇਸ਼ ਗਰਗ ਨੇ ਦੱਸਿਆ ਕਿ ਹੋਲੀ ਦੇ ਪਵਿੱਤਰ ਤਿਉਹਾਰ ਮੌਕੇ ਸੋਸਾਇਟੀ ਵਲੰਟੀਅਰਾਂ ਨੇ ਭਾਈਚਾਰੇ ਦਾ ਸੰਦੇਸ਼ ਆਪਣੇ ਦੋਸਤਾਂ-ਮਿੱਤਰਾਂ ਨਾਲ ਸਾਂਝਾ ਕੀਤਾ ਅਤੇ ਸਭਨਾਂ ਨੇ ਰਾਸ਼ਟਰ ਨਿਰਮਾਣ ਲਈ ਲੋਕਤੰਤਰ ਦੇ ਆਉਣ ਵਾਲੇ ਤਿਉਹਾਰ ਯਾਨੀ ਲੋਕਸਭਾ ਚੋਣਾਂ ਵਿੱਚ ਇਮਾਨਦਾਰੀ ਅਤੇ ਬਿਨਾਂ ਕਿਸੇ ਪ੍ਰਭਾਵ ਦੇ ਆਪਣੇ ਵੋਟ ਦੇ ਅਧਿਕਾਰ ਦੇ ਇਸਤੇਮਾਲ ਦਾ ਪ੍ਰਣ ਲਿਆ। ਉਨ੍ਹਾਂ ਸਮਾਜ ਦੇ ਸਮੂਹ ਨਾਗਰਿਕਾਂ ਨੂੰ ਮਤਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੋਸਾਇਟੀ ਦੇ ਸਮੂਹ ਕਾਰਜਕਰਤਾ ਰਮਨੀਕ ਵਾਲੀਆ, ਅਸ਼ੋਕ ਬਾਲੀਆਂਵਾਲੀ, ਅਨਿਲ ਕੁਮਾਰ, ਲਵਲੀਨ ਸੱਚਦੇਵਾ, ਵਿਜੇ ਸਿੰਗਲਾ, ਰਾਕੇਸ਼ ਗੋਇਲ, ਗੁਲਸ਼ਨ ਵਧਵਾ, ਰਾਜਿੰਦਰ ਸਿੰਗਲਾ, ਅਸ਼ੋਕ ਕਾਂਸਲ, ਵਿਨੋਦ ਅਰੋੜਾ, ਬਲਦੇਵ ਸਿੰਘ, ਵਿਨੋਦ ਕਾਲੜਾ, ਪ੍ਰੇਮ ਗਰਗ, ਪ੍ਰੇਮ ਗੋਇਲ, ਵਿਪਨ ਕੁਮਾਰ ਤੇ ਦਰਸ਼ਨ ਜੋੜਾ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

# ਸ਼੍ਰੋਮਣੀ ਅਕਾਲੀ ਦਲ ਨੇ ਬਦਲੀ ਰਣਨੀਤੀ, 2027 ਦੀਆਂ ਚੋਣਾਂ 'ਤੇ ਟਿਕੀਆਂ ਨਜ਼ਰਾਂ

**ਚੰਡੀਗੜ੍ਹ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ (ਭਾਜਪਾ) ਵੱਲੋਂ ਪੰਜਾਬ ਵਿਚ ਆਗਾਮੀ ਲੋਕ ਸਭਾ ਚੋਣਾਂ ਇਕੱਲਿਆਂ ਲੜਨ ਦੇ ਐਲਾਨ ਨਾਲ ਹੀ ਅਕਾਲੀ ਲੀਡਰਸ਼ਿਪ ਆਪਣੀ ਚੋਣ ਰਣਨੀਤੀ ਨੂੰ ਮੁੜ ਤੋਂ ਬਦਲ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਇਸ ਤੋਂ ਪਹਿਲਾਂ ਹਾਲ ਹੀ ਵਿਚ ਹੋਈ ਕੋਰ ਕਮੇਟੀ ਦੀ ਮੀਟਿੰਗ ਵਿਚ 'ਸਿਆਸਤ ਤੋਂ ਉੱਪਰ ਸਿਧਾਂਤ' ਦੀ ਗੱਲ ਕਹਿ ਕੇ ਇਕੱਲਿਆ ਚੋਣਾਂ ਲੜਣ ਦਾ ਸੰਕੇਤ ਦਿੱਤਾ ਸੀ। ਪਾਰਟੀ ਵੱਲੋਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ। ਸਿੱਖ ਸਿਆਸੀ ਵਿਸ਼ਲੇਸ਼ਕ ਰਵਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਅਕਾਲੀ ਦਲ ਦਾ ਵੋਟ ਸ਼ੇਅਰ 34% ਸੀ, ਜੋ ਕਿ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਘਟ ਕੇ 20% ਦੇ ਕਰੀਬ ਰਹਿ ਗਿਆ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੀਨੀਅਰ ਟਕਸਾਲੀ ਆਗੂਆਂ ਜਿਵੇਂ ਕਿ ਸੁਖਦੇਵ ਸਿੰਘ ਢੀਂਡਸਾ, ਸੇਵਾ ਸਿੰਘ ਸੇਖਵਾਂ, ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਟਿੱਕਾ ਨੇ ਜਾਂ ਤਾਂ ਆਪ ਹੀ ਪਾਰਟੀ ਛੱਡ ਦਿੱਤੀ ਜਾਂ ਉਨ੍ਹਾਂ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ ਗਿਆ।



ਇਸ ਨਾਲ ਪਾਰਟੀ ਦੀ ਸਾਖ ਨੂੰ ਕਾਫ਼ੀ ਢਾਹ ਲੱਗੀ। ਅਕਾਲੀ ਲੀਡਰਸ਼ਿਪ ਨੂੰ ਬੇਅਦਬੀ ਮਾਮਲੇ ਵਿਚ ਨਿਆਂ ਪ੍ਰਾਪਤ ਕਰਨ ਵਿਚ ਆਪਣੀ ਅਸਫਲਤਾ ਲਈ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਇਕ ਮਹੱਤਵਪੂਰਨ ਦਸਤਖਤੀ ਮੁਹਿੰਮ ਸਮੇਤ ਵੱਖ-ਵੱਖ ਅੰਦੋਲਨਾਂ ਸ਼ੁਰੂ ਕਰਨ ਦੇ ਬਾਵਜੂਦ, ਪਾਰਟੀ 'ਬੰਧੀ ਸਿੰਘਾਂ' ਦੇ ਮੁੱਦੇ ਨੂੰ ਹੱਲ ਕਰਨ ਵਿੱਚ ਅਸਮਰੱਥ ਰਹੀ ਹੈ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਬਦਲਵਾਉਣ ਵਿਚ ਵੀ ਪਾਰਟੀ ਕਾਮਯਾਬ ਨਹੀਂ ਹੋ ਸਕੀ। ਰਵਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਵਿਚ ਪੰਜਾਬ ਅਤੇ ਕੇਂਦਰ ਵਿਚ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਕਿਸਾਨਾਂ ਦੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਭਾਜਪਾ 'ਤੇ ਆਪਣਾ ਪ੍ਰਭਾਵ ਪਾਉਣ ਵਿਚ ਅਸਮਰੱਥਾ ਲਈ ਵੀ ਪਾਰਟੀ ਦੀ ਆਲੋਚਨਾ ਹੋਈ ਹੈ। ਤਰਨਤਾਰਨ ਦੇ ਇਕ ਸੀਨੀਅਰ ਜ਼ਿਲ੍ਹਾ ਅਕਾਲੀ ਆਗੂ ਨੇ ਨਾਂ ਨਾ ਛਾਪਣ ਦੀ ਸ਼ਰਤ 'ਤੇ ਕਿਹਾ, "ਸਾਨੂੰ ਸ਼ੁਰੂ ਵਿਚ ਪਾਰਟੀ ਵੱਲੋਂ ਆਜ਼ਾਦ ਤੌਰ 'ਤੇ ਚੋਣ ਲੜਨ ਦੇ ਫੈਸਲੇ ਬਾਰੇ ਸੂਚਿਤ ਨਹੀਂ ਕੀਤਾ ਗਿਆ ਸੀ। ਸਿੱਟੇ ਵਜੋਂ, ਅਸੀਂ ਭਾਜਪਾ ਨਾਲ ਗਠਜੋੜ ਨੂੰ ਧਿਆਨ ਵਿਚ ਰੱਖਦਿਆਂ ਆਪਣੀ ਚੋਣ ਰਣਨੀਤੀ ਬਣਾਈ ਹੈ। ਹਾਲਾਂਕਿ, ਕੋਰ ਕਮੇਟੀ ਦੀ ਮੀਟਿੰਗ ਤੋਂ ਬਾਅਦ, ਸਾਨੂੰ ਆਪਣੀ ਰਣਨੀਤੀ ਨੂੰ ਮੁੜ ਬਦਲਣ ਦੇ ਸੰਕੇਤ ਮਿਲੇ ਹਨ। ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਆਜ਼ਾਦ ਤੌਰ 'ਤੇ ਚੋਣ ਲੜਨ ਦਾ ਐਲਾਨ ਦੇ ਨਾਲ, ਅਸੀਂ 2027 ਦੀਆਂ ਵਿਧਾਨ ਸਭਾ ਚੋਣਾਂ 'ਤੇ ਵਿਸ਼ੇਸ਼ ਤਵੱਜੋਂ ਦੇ ਰਹੇ ਹਾਂ।" ਸਿੱਖ ਵਿਦਵਾਨ ਪੀ ਅਜਨਾਲਾ ਦੇ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਗਠਜੋੜ ਨਾ ਕਰਨ ਦਾ ਫੈਸਲਾ ਲੰਬੇ ਸਮੇਂ ਵਿਚ, ਖਾਸ ਕਰਕੇ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦੀ ਸੁਤੰਤਰ ਪਛਾਣ ਅਤੇ ਸੰਭਾਵਨਾਵਾਂ ਲਈ ਲਾਹੇਵੰਦ ਹੋ ਸਕਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਜੇਕਰ ਅਕਾਲੀ ਦਲ ਨੇ ਭਾਜਪਾ ਨਾਲ ਗੱਠਜੋੜ ਕੀਤਾ ਹੁੰਦਾ, ਤਾਂ ਆਗਾਮੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਇਸ ਦਾ ਨੁਕਸਾਨ ਹੋ ਸਕਦਾ ਸੀ। ਅਜਨਾਲਾ ਨੇ ਕਿਹਾ ਕਿ ਇਹ ਕਦਮ 2027 ਦੀਆਂ ਰਾਜ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਫਾਇਦਾ ਪਹੁੰਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਕੀਤਾ ਹੁੰਦਾ ਤਾਂ ਭਾਜਪਾ ਨੂੰ ਸ਼ਹਿਰੀ ਲੋਕ ਸਭਾ ਹਲਕਿਆਂ ਵਿੱਚ 'ਰਾਮ ਮੰਦਰ' ਦੀ ਭਾਵਨਾ ਦੇ ਨਾਲ-ਨਾਲ ਅਕਾਲੀਆਂ ਦੇ ਗੱਠਜੋੜ ਦੇ ਪ੍ਰਭਾਵ ਨੂੰ ਆਪਣੇ ਗਠਜੋੜ ਵਿਚ ਸ਼ਾਮਲ ਕਰਕੇ ਕਾਫੀ ਫਾਇਦਾ ਹੁੰਦਾ। ਹਾਲਾਂਕਿ, ਆਜ਼ਾਦ ਤੌਰ 'ਤੇ ਚੋਣ ਲੜਨ ਦੀ ਚੋਣ ਕਰਕੇ, ਚੋਣ ਨਤੀਜੇ ਜੋ ਵੀ ਹੋਣ, ਇਹ ਪੂਰੀ ਤਰ੍ਹਾਂ ਅਕਾਲੀ ਪਾਰਟੀ ਦੀ ਕਾਰਗੁਜ਼ਾਰੀ 'ਤੇ ਪ੍ਰਤੀਬਿੰਬਤ ਕਰੇਗਾ ਅਤੇ ਪੰਜਾਬ ਵਿਚ ਆਪਣੀ ਸਥਿਤੀ ਦਾ ਪ੍ਰਦਰਸ਼ਨ ਕਰੇਗਾ।

### ਖਾਲਸਾ ਸਕੂਲ ਵਿੱਚ ਵਿਦਿਆਰਥੀਆ ਦੇ

# ਸਲਾਨਾ ਇਮਤਿਹਾਨਾਂ ਦੇ ਐਲਾਨੇ ਨਤੀਜੇ











ਫ਼ਿਰੋਜ਼ਪੁਰ, 27 ਮਾਰਚ (ਮਨੋਹਰ ਲਾਲ) :— ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਬੁਰਜ ਮੱਖਣ ਸਿੰਘ ਵਾਲਾ ਵਿਖੇ ਦਮਦਮੀ ਟਕਸਾਲ ਮਹਿਤਾ ਵੱਲੋਂ ਸੰਤ ਕਰਤਾਰ ਸਿੰਘ ਜੀ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਜੋ ਕਿ ਦਮਦਮੀ ਟਕਸਾਲ ਦੇ ਮਜੂਦਾ ਮੁਖੀ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਿਹਾ ਹੈ ਇਸ ਵਿੱਦਿਅਕ ਅਦਾਰੇ ਵੱਲੋਂ ਵਿਦਿਆਰਥੀਆਂ ਦੇ ਨੋਨ ਬੋਰਡ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਐਲਾਨੇ ਗਏ। ਇਸ ਦੌਰਾਨ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਸਮੇਂ ਵਿਦਿਆਰਥੀਆਂ ਵਿੱਚ ਖੁਸ਼ੀ ਦਾ ਮਾਹੌਲ ਵੇਖਿਆ ਗਿਆ, ਜਿੱਥੇ ਵਿਦਿਆਰਥੀ ਵੱਲੋਂ ਇਮਤਿਹਾਨਾਂ ਦੇ ਨਤੀਜਿਆਂ ਵਿੱਚੋ ਚੰਗੇ ਨੰਬਰ ਪ੍ਰਾਪਤ ਕਰਕੇ ਉਨ੍ਹਾਂ ਦੇ ਚਿਹਰੇ ਖੁਸ਼ੀ ਨਾਲ ਖਿੜ੍ਹੇ ਸਨ, ਉਥੇ ਉਨ੍ਹਾਂ ਵੱਲੋਂ ਅਗਲੀਆਂ ਜਮਾਤਾਂ ਵਿੱਚ ਦਾਖਲਾ ਲੈਣ ਲਈ ਕਾਫੀ ਉਤਸ਼ਾਹ ਸੀ। ਇਸ ਮੌਕੇ ਸਕੂਲੀ ਸਟਾਫ ਵੱਲੋਂ ਵਿਦਿਆਰਥੀਆਂ ਦੇ ਮਾਤਾ ਪਿਤਾ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਵੱਲੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੂੰ ਸਨਮਾਨਿਤ ਕੀਤਾ ਗਿਆ ਅਤੇ ਵਧਾਈਆਂ ਦਿੱਤੀਆਂ ਗਈਆਂ। ਮੈਡਮ ਜਸਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਵਿੱਚ ਸਫਲ ਹੋਣ ਲਈ ਬਹੁਤ ਮਿਹਨਤ ਕਰਨ ਦੀ ਲੋੜ ਹੈ ਅਸੀਂ ਵਿਦਿਆਰਥੀਆਂ ਦੇ ਮਾਤਾ ਪਿਤਾ ਨਾਲ ਵਾਅਦਾ ਕਰਦੇ ਹਾਂ ਕਿ ਵਿਦਿਆਰਥੀਆਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਨਿਪੁੰਨ ਕਰਨ ਦੇ ਨਾਲ—ਨਾਲ ਸੰਸਕਾਰੀ, ਮਾਤਾ ਪਿਤਾ ਦੇ ਆਗਿਆਕਾਰੀ ਚੰਗੀ ਸ਼ਖ਼ਸੀਅਤ ਦੇ ਧਾਰਨੀ ਬਣਾਵਾਂਗੇ ਤਾਂ ਜ਼ੋ ਜ਼ੋ ਬੱਚੇ ਆਪਣੇ ਮਾਪਿਆਂ ਦੀਆਂ ਉਮੀਦਾਂ ਤੇ ਖਰ੍ਹੇ ਉਤਰ ਸਕਣ। ਇਸ ਮੌਕੇ ਗਿਆਨੀ ਸਾਬ ਸਿੰਘ, ਜਥੇਦਾਰ ਭਾਈ ਸੁਖਦੇਵ ਸਿੰਘ ਮੁੱਖ ਬੁਲਾਰੇ ਦਮਦਮੀ ਟਕਸਾਲ, ਭਾਈ ਰਛਪਾਲ ਸਿੰਘ, ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ, ਮਾਸਟਰ ਬਲਰਾਜ ਸਿੰਘ, ਮੈਡਮ ਅਨੂਰਾਧਾ ਪਿੰਡਾ ਦੇ ਮੋਹਤਬਰ ਸੱਜਣ ਅਤੇ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

### ਉੱਘੇ ਸਮਾਜ ਸੇਵਕ ਦਵਿੰਦਰ ਬਜਾਜ ਪੰਜਾਬ ਮੈਂਬਰ ਭਾਜਪਾ ਨੇ ਆਪਣੇ ਸਾਥੀਆਂ ਨਾਲ

# ਹੁਸੈਨੀਵਾਲਾ ਬਾਰਡਰ ਤੇ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨਾਲ ਮਿਠਾਈਆਂ ਵੰਡ ਮਨਾਈ ਹੋਲੀ




ਫ਼ਿਰੋਜ਼ਪੁਰ, 27 ਮਾਰਚ (ਮਨੋਹਰ ਲਾਲ) :— ਉੱਘੇ ਸਮਾਜ ਸੇਵਕ ਦਵਿੰਦਰ ਬਜਾਜ ਪੰਜਾਬ ਮੈਂਬਰ ਬੀ.ਜੇ.ਪੀ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਹੂਸੈਨੀਵਾਲਾ ਬਾਰਡਰ ਤੇ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨਾਲ ਮਿਠਾਈਆਂ ਵੰਡ ਕੇ ਹੋਲੀ ਮਨਾਈ ਗਈ। ਇਸ ਮੌਕੇ ਤੇ ਬੋਲਦਿਆਂ ਦਵਿੰਦਰ ਬਜਾਜ ਨੇ ਕਿਹਾ ਕਿ ਹੋਲੀ ਦਾ ਤਿਉਹਾਰ ਭਾਈਚਾਰੇ ਦਾ ਪ੍ਰਤੀਕ ਹੈ ਅਤੇ ਅੱਜ ਦੇ ਦਿਨ ਸਾਨੂੰ ਆਪਣੇ ਗਿਲੇ ਸ਼ਿਕਵੇ ਭੁਲਾ ਕੇ ਇਕ—ਦੂਜੇ ਦੇ ਗਲੇ ਲਾਉਣਾ ਚਾਹੀਦਾ ਹੈ। ਸ੍ਰੀ ਦਵਿੰਦਰ ਬਜਾਜ ਨੇ ਅੱਗੇ ਕਿਹਾ ਕਿ ਬਾਰਡਰ ਤੇ ਤਾਇਨਾਤ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਦੀ ਬਦੌਲਤ ਹੀ ਅਸੀਂ ਆਪਣੇ ਘਰਾਂ ਵਿਚ ਰਾਤ—ਦਿਨ ਚੈਨ ਦੀ ਨੀਂਦ ਸੌਂਦੇ ਹਾਂ ਅਤੇ ਇਹ ਜਵਾਨ ਭਾਵੇਂ ਠੰਡ



ਦੀਆਂ ਰਾਤਾਂ ਹੋਣ, ਭਾਵੇਂ ਗਰਮੀ ਹੋਵੇ, ਭਾਵੇਂ ਟੈਪਰੇਚਰ 45—50 ਹੋਵੇ, ਇਹ ਕੜਕਦੀ ਧੁੱਪ ਵਿਚ ਪਹਿਰਾ ਦਿੰਦੇ ਹਨ ਅਤੇ ਹਜ਼ਾਰਾ ਮੀਲ ਦੂਰ ਆਪਣੇ ਘਰਾਂ ਤੋਂ ਬਾਹਰ ਰਹਿ ਕੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਂਦੇ ਹਨ, ਇਸ ਲਈ ਸਾਡਾ ਵੀ ਫਰਜ ਬਣਦਾ ਹੈ ਕਿ ਅਸਂ ਇਨ੍ਹਾਂ ਨੂੰ ਮਾਨ ਸਨਮਾਨ ਦੇਈਏ। ਸ੍ਰੀ ਦਵਿੰਦਰ ਬਜਾਜ ਨੇ ਅੱਗੇ ਕਿਹਾ ਕਿ ਅਸੀਂ ਹਰ ਸਾਲ ਭਾਵੇਂ ਦੀਵਾਲੀ ਹੋਵੇ, ਭਾਵੇਂ ਹੋਲੀ ਹੋਵੇ, ਇਨ੍ਹਾਂ ਜਵਾਨਾਂ ਨੂੰ ਮਿਠਾਈ ਦੇ ਡੱਬੇ ਵੰਡ ਕੇ ਹੋਲੀ ਮਨਾਉਂਦੇ ਹਾਂ, ਇਹ ਸਾਡਾ ਇਖਲਾਕੀ ਫਰਜ਼ ਬਣਦਾ ਹੈ। ਇਸ ਮੌਕੇ ਉਨ੍ਹਾਂ ਨਾਲ ਸ੍ਰੀ ਕੈਲਾਸ਼ ਸ਼ਰਮਾ, ਦਵਿੰਦਰ ਕਪੂਰ ਸਾਬਕਾ ਕਮਿਊਸਪਲ ਕਮੇਟੀ ਦੇ ਪ੍ਰਧਾਨ, ਕਿਸ਼ੋਰ ਕਥੂਰੀਆ ਸਾਬਕਾ ਐਮ.ਸੀ, ਵਿਜੈ ਆਨੰਦ ਅਤੇ ਅਜੇ ਕੁਮਾਰ ਹਾਜ਼ਰ ਸਨ।

# ਦਲ ਬਦਲੂ ਤੇ ਝੂਠੀ ਸਿਆਸਤ ਕਾਰਨ ਪੰਜਾਬ ਦੇ ਹਾਲਾਤ ਹੋਏ ਖਰਾਬ—ਭੁੱਲਰ



ਫ਼ਿਰੋਜ਼ਪੁਰ, 27 ਮਾਰਚ (ਮਨੋਹਰ ਲਾਲ) :— ਪੰਜਾਬ ਦੀ ਸਿਆਸਤ ਤੇ ਆਪਣਾ ਪ੍ਰਤੀਕ੍ਰਿਆ ਜ਼ਾਹਿਰ ਕਰਦਿਆਂ ਗੁਰਚਰਨ ਸਿੰਘ ਭੁੱਲਰ ਜ਼ਿਲਾ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਫਿਰੋਜ਼ਪੁਰ ਨੇ ਕਿਹਾ ਕਿ ਲੋਕਾਂ ਨੂੰ ਗੁਮਰਾਹ ਕਰਨ ਵਾਲੇ ਦਲ ਬਦਲੂਆਂ ਅਤੇ ਝੂਠੀ ਸਿਆਸਤ ਦੀਆਂ ਕੋਝੀਆਂ ਚਾਲਾਂ ਕਾਰਨ ਪੰਜਾਬ ਦੇ ਹਲਾਤ ਤਰਸਯੋਗ ਬਣ ਗਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਲੀਡਰਾਂ ਦੀਆਂ ਲੂਬੜਚਾਲਾਂ ਕਾਰਨ ਪੰਜਾਬ ਕੰਗਾਲੀ ਦੇ ਰਾਹ ਤੇ ਪੈ ਗਿਆ ਹੈ ਅਤੇ ਅੱਜ ਦੀ ਸਿਆਸਤ ਇਤਨੀ ਗੰਧਲੀ ਹੋ ਗਈ ਹੈ ਕਿ ਲੀਡਰ ਜਿੰਨਾਂ ਮਰਜੀ ਮਾੜਾ ਹੋਵੇ ਅਤੇ ਜਿੰਨੇ ਮਰਜੀ ਉਸ ਨੇ ਗਲਤ ਕੰਮ ਕੀਤੇ ਹੋਣ ਅਤੇ ਦੂਜੀ ਧਿਰਾਂ ਉਨ੍ਹਾਂ ਤੇ ਇਲਜਾਮ ਲਾਉਂਦੀ ਹੋਵੇ, ਪਰ ਜਦੋਂ ਉਹ ਲੋਕਾਂ ਦੀਆਂ ਭਾਵਨਾਵਾਂ ਨੂੰ ਆਪਣੇ ਪੈਰਾਂ ਹੇਠ ਰੋਲ ਕੇ ਦਲ—ਬਦਲੂ ਹੁੰਦਾ ਹੈ ਤਾਂ ਜਿਹੜੀ ਪਾਰਟੀ ਉਸ ਤੇ ਇਲਜਾਮ ਲਗਾਉਂਦੀ ਹੈ ਉਹ ਆਪਣੇ ਨਾਲ ਰਲਾ ਕੇ ਸਾਬਣ ਨਾਲ ਨੁਹਾ ਕੇ ਸਾਫ ਕਰਕੇ ਉਸ ਨੂੰ ਲੋਕਾਂ ਸਹਾਮਣੇ ਵਧੀਆ ਲੀਡਰ ਪਰੋਸ ਕੇ ਭੇਜ ਦਿੰਦੀ ਹੈ। ਸ੍ਰੀ ਭੁੱਲਰ ਨੇ ਕਿਹਾ ਕਿ ਜਿੰਨਾ ਕਾਰਨ ਪੰਜਾਬ ਬਰਬਾਦੀ ਵੱਲ ਵੱਧ ਰਿਹਾ ਹੈ, ਜਿਨ੍ਹਾਂ ਕਾਰਨ ਪੰਜਾਬ ਬਿਹਾਰ ਨਾਲੋ ਵੀ ਮਾੜੀ ਸਥਿਤੀ ਵਿੱਚ ਪਹੁੰਚ ਚੁੱਕਾ ਹੈ ਅਤੇ ਪੰਜਾਬ ਵਿੱਚ ਗੁੰਡਾਰਾਜ, ਰਿਸ਼ਵਤ ਖੋਰੀ, ਭ੍ਰਿਸ਼ਟਾਚਾਰ, ਲੁੱਟਖੋਹ, ਨਸ਼ਿਆ ਦਾ ਬੋਲਬਾਲਾ ਹੈ ਅਤੇ ਇਥੇ ਗੈਗਰੇਪ, ਨੌਜਵਾਨੀ ਦਾ ਕਾਤਲ ਸ਼ਰੇਆਮ ਹੋ ਰਹੇ ਹਨ, ਜ਼ੋ ਪੰਜਾਬ ਦੀ ਦਸ਼ਾ ਦਾ ਨੁਕਸਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਨੌਜਵਾਨੀ ਪੰਜਾਬ ਵਿੱਚ ਰਹਿਣ ਨੂੰ ਤਿਆਰ ਨਹੀਂ ਅਤੇ ਬਾਹਰਲੇ ਮੁਲਕਾਂ ਵਿੱਚ ਆਪਣੇ—ਆਪ ਨੂੰ ਸੁਰੱਖਿਅਤ ਮਹਿਸੂਸ ਕਰਨ ਲੱਗ ਪਈ ਹੈ, ਇਸ ਲਈ ਹੁਣ ਲੋਕਾਂ ਦੇ ਜਾਗਣ ਦਾ ਸਮਾਂ ਹੈ ਤਾਂ ਕਿ ਤੁਹਾਡੀ ਇੱਕ—ਇੱਕ ਵੋਟ ਨੇ ਪੰਜਾਬ ਦਾ ਭਵਿੱਖ ਤਹਿ ਕਰਨਾ ਹੈ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਆਪਣੀ ਅਕਲ ਨਾਲ ਅਤੇ ਸੋਚ ਸਮਝ ਕੇ ਵੋਟ ਪਾਉਣੀ ਚਾਹੀਦੀ ਹੈ ਤਾਂ ਕਿ ਬਾਅਦ ਵਿੱਚ ਸਰਕਾਰਾਂ ਬਣਾ ਕੇ ਪਛਤਾਉਣਾ ਨਾ ਪਵੇ। ਉਨ੍ਹਾਂ ਕਿਹਾ ਕਿ ਇਨਸਾਨ ਦੀ ਕੋਈ ਪਾਰਟੀ ਨਹੀਂ ਹੁੰਦੀ ਇਸ ਕਰਕੇ ਵੋਟ ਚੰਗੇ ਇਨਸਾਨ ਨੂੰ ਪਾਉ ਕਿ ਪੰਜਾਬ ਦੇ ਹਲਾਤ ਸਹੀ ਹੋ ਸਕਣ, ਦਲ ਬਦਲੂਆਂ ਅਤੇ ਮਾੜੇ ਲੀਡਰਾਂ ਤੋਂ ਬਚ ਕੇ ਇਹ ਤੁਹਾਨੂੰ ਕਿਤੇ ਵੀ ਗਿਰਵੀ ਰੱਖ ਸਕਦੇ ਹਨ।

# ਹਰਮਨ ਪਿਆਰੀ ਪਾਰਟੀ ਬਣ ਚੁੱਕੀ ਏ ਰਾਮਗੜ੍ਹੀਆ ਵੈਲ ਸੁਸਾ—ਦੜਿਆਲਾ



ਫ਼ਿਰੋਜ਼ਪੁਰ, 27 ਮਾਰਚ (ਮਨੋਹਰ ਲਾਲ) :— ਰਾਮਗੜ੍ਹੀਆ ਹਰਿਆਵਲ ਦਸਤੇ ਵੱਜੋਂ ਜਾਣੀ ਜਾਂਦੀ ਪੰਜਾਬ ਵਿੱਚੋਂ ਸਭ ਤੋਂ ਹਰਮਨ ਪਿਆਰੀ ਬਣ ਚੁੱਕੀ ਜੱਥੇਬੰਦੀ ਸ: ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੁਸਾਇਟੀ ਰਜਿ ਪੰਜਾਬ ਭਾਰਤ ਦਿਨ—ਬਾ—ਦਿਨ ਤਰੱਕੀ ਦੀਆਂ ਪੁਲਾਂਘਾਂ ਪੱਟ ਕੇ ਅੱਗੇ ਵੱਧ ਰਹੀ ਹੈ, ਜਿਸ ਦੇ ਸਮਾਜ ਪ੍ਰਤੀ ਚੰਗੇ ਕਾਰਜਾਂ ਨੂੰ ਦੇਖ ਕੇ ਪੰਜਾਬ ਭਰ ਤੋਂ ਰਾਮਗੜ੍ਹੀਆ ਪਰਿਵਾਰ ਇਸ ਜਥੇਬੰਦੀ ਦਾ ਹਿੱਸਾ ਬਣ ਕੇ ਸਮਾਜ ਦੀ ਸੇਵਾ ਕਰਨ ਦੀ ਜਿੰਮੇਵਾਰੀ ਲੈ ਰਹੇ ਹਨ। ਇਹ ਜਾਣਕਾਰੀ ਸਾਂਝੀ ਕਰਦਿਆਂ ਭਗਵਾਨ ਸਿੰਘ ਦੜਿਆਲਾ ਕੌਮੀ ਚੈਅਰਮੈਨ ਪੰਜਾਬ ਨੇ ਦੱਸਿਆਂ ਕਿ ਫ਼ਿਰੋਜ਼ਪੁਰ ਤੋਂ ਅਮਰ ਸਿੰਘ ਗਾਬੜੀਆ ਤੇ ਵਰਿੰਦਰ ਸਿੰਘ ਗਾਬੜੀਆ ਨੇ ਜੱਥੇਬੰਦੀ ਵਿਚ ਸ਼ਮੂਲੀਅਤ ਕੀਤੀ ਹੈ, ਜਿਨ੍ਹਾਂ ਨੂੰ ਮਨਜੀਤ ਸਿੰਘ ਔਲਖ ਪੰਜਾਬ ਪ੍ਰਧਾਨ, ਹਰਭਜਨ ਸਿੰਘ ਦੜਿਆਲਾ ਜਿਲਾ ਪ੍ਰਧਾਨ, ਕਰਮਜੀਤ ਸਿੰਘ ਸਰਾ ਮੀਤ ਪ੍ਰਧਾਨ ਪੰਜਾਬ, ਬਲਦੇਵ ਸਿੰਘ ਦੇਬੀ ਸਰਾ, ਕੁਲਵੰਤ ਸਿੰਘ ਕੱਤੀ ਨੇ ਸਿਰੋਪਾ ਪਾ ਕੇ ਜੱਥੇਬੰਦੀ ਵਿਚ ਸ਼ਮੂਲੀਅਤ ਕਰਵਾਈ। ਇਸ ਮੌਕੇ ਮਨਜੀਤ ਸਿੰਘ ਔਲਖ ਪੰਜਾਬ ਪ੍ਰਧਾਨ ਨੇ ਬੋਲਦਿਆਂ ਕਿਹਾ ਇੰਨਾਂ ਆਗੂਆਂ ਦੇ ਜੱਥੇਬੰਦੀ ਵਿਚ ਸ਼ਾਮਿਲ ਹੋਣ ਨਾਲ ਬਹੁਤ ਵੱਡਾ ਬੱਲ ਮਿਲੇਗਾ ਇੰਨਾਂ ਆਗੂਆਂ ਨੂੰ ਜਥੇਬੰਦੀ ਵਿਚ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ।

# ਸੰਤ ਬਾਬਾ ਅਜੈਬ ਸਿੰਘ ਮੱਖਣਵਿੰਡੀ ਕਾਰ ਸੇਵਾ ਵਾਲਿਆਂ ਦਾ ਹੋਇਆ ਦਿਹਾਂਤ



ਚੌਂਕ ਮਹਿਤਾ 27 ਮਾਰਚ( ਬਾਬਾ ਸੁਖਵੰਤ ਸਿੰਘ ਚੰਨਣਕੇ) ਮਹਾਨ ਸੰਤ ਬਾਬਾ ਅਜੈਬ ਸਿੰਘ ਮੱਖਣਵਿੰਡੀ ਕਾਰ ਸੇਵਾ ਵਾਲਿਆਂ ਮਹਾਪੁਰਖਾਂ ਮਾਮੂਲੀ ਜਿਹੀ ਸਿਹਤ ਵਿਗੜ ਕਾਰਣ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਸੰਸਕਾਰ ਸਮੇ ਹਜਾਰਾਂ ਸੰਗਤਾਂ ਇਕਠ ਸੀ ਸੰਗਤਾਂ ਨੇ ਦੁਸਾਲੇ ਦੇਸੀ ਘਿਉ ਦੇ ਨਾਲ ਸੰਸਕਾਰ ਕੀਤਾ ਗਿਆ। ਅਤੇ ਬਹੁਤ ਸਾਰੇ ਸੰਤਾ ਮਹਾਪੁਰਖਾਂ ਕਾਰ ਸੇਵਾ, ਨਿਹੰਗ ਸਿੰਘ, ਸਮਾਜ ਸੇਵੀ ਰਾਜਨੀਤਕ ਸੰਗਤਾਂ ਨੇ ਫੁੱਲਾਂ ਦੀ ਵਰਖਾ ਕੀਤੀ। ਸੰਤ ਬਾਬਾ ਅਜੈਬ ਸਿੰਘ ਜੀ ਸਤਵੀਂ ਕਲਾਸ ਵਿੱਚ ਪੜਦੇ ਸਨ ਉਨ੍ਹਾਂ ਦਾ ਧਿਆਨ ਸਿਮਰਨ, ਬਾਣੀ, ਸੇਵਾ ਗੁਰਬਾਣੀ ਦੇ ਰੰਗ ਵਿੱਚ ਰੰਗੇ ਹੋਏ ਸਨ। ਸਤਵੀਂ ਕਲਾਸ ਵਿੱਚੋਂ ਪੜਾਈ ਸਡਕੇ ਕਾਰ ਸੇਵਾ ਵਾਲੇ ਮਹਾਪੁਰਖਾਂ ਨਾਲ ਵਿੱਚ ਦਿਨ ਰਾਤ ਸੇਵਾ ਕਰਦੇ ਰਹਿੰਦੇ ਸਨ। ਨਾਲ ਸਿਮਰਨ ਵੀ 24ਘੰਟੇ ਕਰਦੇ ਰਹਿੰਦੇ ਸਨ। ਉਨ੍ਹਾਂ ਦਾ 1ਅਪਰੈਲ 2024 ਦਿਨ ਸੋਮਵਾਰ ਨੂੰ ਗੁਰਬਾਣੀ ਦੇ ਪਵਿੱਤਰ ਪਾਵਨ ਭੋਗ ਗੁਰਦੁਆਰਾ ਮੱਖਣਵਿੰਡੀ ਵਿਖੇ ਪਾਏ ਜਾਣਗੇ। ਸੰਗਤਾਂ ਦੇਸਾਂ ਵਿਦੇਸਾਂ ਤੋ ਭੋਗ ਸਮੇ ਅੰਤਿਮ ਅਰਦਾਸ ਵਿੱਚ ਸਰਧਾ ਦੇ ਫੁੱਲ ਭੇਟ ਕਰਨਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਮਾਮਲਾ ਅਕਸ਼ੇ ਕੁਮਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਾਰੇ ਥਾਂ ਤੇ ਵਰਤੇ ਜਾਂਦੇ ਰਾਮ ਸ਼ਬਦ ਨੂੰ ਦਸਰਥ ਦੇ ਪੁੱਤਰ ਭਗਵਾਨ ਰਾਮ ਨਾਲ ਜੋੜਨ ਦਾ

# ਅਧੂਰਾ ਗਿਆਨ ਸਮਾਜ ਲਈ ਖਤਰਨਾਕ : ਹੈਡ ਗ੍ਰੰਥੀ ਗਿਆਨੀ ਜਗਜੀਤ ਸਿੰਘ ਜੀ ਨਾਢਾ ਸਾਹਿਬ



ਅੱਜ ਮੈਂ ਇਸ ਮਸਲੇ ਨਾਲ ਸੰਬੰਧਿਤ ਜਾਣਕਾਰੀ ਲੈਣ ਵਾਸਤੇ ਗੁਰਦੁਆਰਾ ਸ੍ਰੀ ਨਾਢਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜਗਜੀਤ ਸਿੰਘ ਕੋਲ ਪਹੁੰਚਿਆ ।ਜੋ ਸਵਾਲ ਜਵਾਬ ਹੋਏ ਹੂਬਹੂ ਉਸੇ ਤਰੀਕੇ ਨਾਲ ਹੇਠ ਲਿਖੇ ਅਨੁਸਾਰ ।

ਸਵਾਲ ਮੇਰਾ ਪਹਿਲਾ ਸਵਾਲ ਸੀ ਸਿੰਘ ਸਾਹਿਬ ਨੂੰ ਕਿ ਵਾਰ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਸਾਰੇ ਥਾ ਰਾਮ ਸ਼ਬਦ ਦਾ ਉਚਾਰਨ ਦਸਰਤ ਦੇ ਪੁੱਤਰ ਭਗਵਾਨ ਸ੍ਰੀ ਰਾਮ ਲਈ ਵਰਤਿਆ ਗਿਆ ਹੈ ?

ਜਵਾਬ (ਸਿੰਘ ਸਾਹਿਬ) ਜਿਹੜੀ ਅਧੂਰੀ ਜਾਣਕਾਰੀ ਹੁੰਦੀ ਹੈ ਉਹ ਬਹੁਤ ਨੁਕਸਾਨ ਕਰਦੀ ਐਂ ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੇਵਲ ਤੇ ਕੇਵਲ ਪਰਮਾਤਮਾ ਦੀ ਗੱਲ ਕੀਤੀ ਗਈ ਹੈ ।ਪਰਮਾਤਮਾ ਦੀ ਹੀ ਸਿਫਤ ਸਲਾਹ ਕੀਤੀ ਗਈ ਐਂ। ਜਾਂ ਜਿਹੜੇ ਪਰਮਾਤਮਾ ਦੇ ਭਗਤ ਨੇ ਉਹਨਾਂ ਦੀ ਗੱਲ ਕੀਤੀ ਗਈ ਐਂ ।ਖਾਸ ਕਰਕੇ ਜੇ ਕੋਈ ਉਦਾਹਰਨ ਦਿੱਤੀ ਹੈ ਗੁਰੂ ਸਾਹਿਬ ਨੇ, ਤਾਂ ਉਹਦਾ ਅਰਥ ਕੋਈ ਹੋਰ ਹੈ ।ਕਿਉਂਕਿ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਬਾਰੇ ਗੱਲ ਕਰਨੀ, ਕੋਈ ਵੀ ਗੱਲ ਕਰੇ , ਪਹਿਲਾਂ ਪੂਰੀ ਜਾਣਕਾਰੀ ਲੈਣੀ ਚਾਹੀਦੀ ਆ ।ਕੀ ਇਹ ਜਿਹੜਾ ਬਾਣੀ ਦਾ ਸ਼ਬਦ ਹੈ ਇਹਦੇ ਅਰਥ ਕੀ ਨੇ ? ਜਿਹੜੀ ਇਹ ਬਾਣੀ ਹੈ, ਗੁਰੂ ਸਾਹਿਬ ਦਾ ਇੱਕ ਇੱਕ ਸ਼ਬਦ ਸੱਚ ਹੈ ।ਕਹਿੰਦੇ ਸੂਰਜ ਦੇ ਵਿੱਚੋਂ ਬਰਫ਼ ਨਿਕਲ ਸਕਦੀ ਹੈ ਪਰ ਇਹ ਔਖਾ ਹੈ ਕਿਉਂਕਿ ਸੂਰਜ ਤਾਂ ਅੱਗ ਦਾ ਗੋਲਾ ਹੈ । ਤੁਸੀਂ ਕਹੋਗੇ ਸੂਰਜ ਵਿੱਚੋਂ ਬਰਫ ਕਿਵੇਂ ਨਿਕਲ ਸਕਦੀ ਆ ਪਰ ਫਿਰ ਵੀ ਨਿਗਲ ਸਕਦੀ ।ਸੁਮੇਰ ਪਰਬਤ ਬਹੁਤ ਵੱਡਾ ਪਹਾੜ ਐ ਗੁਰੂ ਸਾਹਿਬ ਕਹਿੰਦੇ ਉਹ ਹਿਲ ਸਕਦਾ ।ਸੱਤ ਸਮੁੰਦਰਾਂ ਦਾ ਪਾਣੀ ਸੁੱਕ ਸਕਦਾ ।ਭਾਵੇਂ ਇਹ ਬੜਾ ਔਖਾ ਹੈ ! ਨਹੀਂ ਹੋ ਸਕਦਾ ।ਪਰ ਫਿਰ ਵੀ ਹੋ ਸਕਦਾ ।ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਣੀ ਦਾ ਜਿਹੜਾ ਇੱਕ ਇੱਕ ਸ਼ਬਦ ਹੈ ਨਾ

÷ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥

(ਪਵਿੱਤਰ ਅੰਗ 628 ਸ੍ਰੀ ਗੁਰੂ ਗ੍ਰੰਥ ਸਾਹਿਬ ਜੀ )

ਇਹ ਰੱਬੀ ਬਾਣੀ ਹੈ ।ਇਸਦਾ ਇੱਕ ਵੀ ਸ਼ਬਦ ਜਿਹੜਾ ਉਹ ਗਲਤ ਨਹੀਂ ਹੋ ਸਕਦਾ ।ਬਾਕੀ ਸਭ ਕੁਝ ਹੋ ਸਕਦਾ ।ਕੋਈ ਵੀ ਜਿਹੜੀ ਗੱਲ ਕਰਦਾ ਨਾ ਬਾਣੀ ਦੀ, ਪਹਿਲਾਂ ਉਸ ਨੂੰ ਉਹਦੀ ਜਾਣਕਾਰੀ ਲੈਣੀ ਬਹੁਤ ਹੀ ਜਰੂਰੀ ਹੈ । ਕਿਸੇ ਨੂੰ ਗੁਮਰਾਹ ਨਹੀਂ ਕਰਨਾ ਚਾਹੀਦਾ ।ਕਿਉਂਕਿ ਬਹੁਤੇ ਲੋਕ ਨੇ ਜਿਹੜੇ ਝੂਠ ਨੂੰ ਆਧਾਰ ਬਣਾ ਕੇ ਗੁਮਰਾਹ ਕਰਦੇ ਨੇ ।ਲੋਕਾਂ ਦਾ ਧਿਆਨ ਖਿੱਚਦੇ ਨੇ ।ਉਹ ਗਲਤ ਗੱਲ ਹੈ ਬਹੁਤ ਮਾੜੀ ਗੱਲ ਹੈ ।

ਜਿੱਥੇ ਗੱਲ ਸ੍ਰੀ ਰਾਮ ਚੰਦਰ ਜੀ ਦੀ ਹੈ ਤਰੇਤੇ ਯੁੱਗ ਦੇ ਭਗਵਾਨ ਨੇ ।ਕੋਈ ਪੀਰ ਪੈਗੰਬਰ ਹੈ, ਕੋਈ ਅਵਤਾਰ ਹੈ , ਕੋਈ ਸੰਤ ਮਹਾਂਪੁਰਸ਼ ਹੈ ।ਦਰਜ਼ਾ ਵਾ ਦਰਜ਼ਾ ਉਹਨਾਂ ਦਾ ਦਿਲੋਂ ਸਤਿਕਾਰ ਹੈ ।ਸਭਨਾਂ ਦਾ ਸਤਿਕਾਰ ਹੈ ।ਸਿੱਖ ਧਰਮ ਸਭਨਾਂ ਦਾ ਸਤਿਕਾਰ ਕਰਦਾ ਐ ।ਕਿਸੇ ਬਾਰੇ ਮਾੜਾ ਨਹੀਂ ਬੋਲਦਾ ।ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਸ੍ਰੀ ਰਾਮ ਚੰਦਰ ਜੀ ਦਾ ਨਾਮ ਲੈ ਕੇ ਉਦਾਹਰਨ ਦਿੱਤੀ ਐ ।ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ

ਰੋਵੈ ਰਾਮ ਨਿਕਾਲਾ ਭਇਆ ।।ਸੀਤਾ ਲਕਸ਼ਮਣ ਵਿਛੜ ਗਿਆ ।।

(ਪੂਰਾ ਸ਼ਬਦ ਅੰਗ 953 ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਸਿੰਘ ਸਾਹਿਬ ਨੇ ਦੱਸਿਆ ਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਹੈ ਜਦੋਂ ਵਿਛੋੜਾ ਹੋਇਆ ਤਾਂ ਭਗਵਾਨ ਰਾਮ ਚੰਦਰ ਜੀ ਰੋਣ ਲੱਗ ਪਏ ।ਇਹ ਪੂਰਾ ਸ਼ਬਦ ਹੈ ਕਿਸੇ ਨਾ ਕਿਸੇ ਤਰੀਕੇ ਨਾਲ ਸਭਨਾਂ ਨੂੰ ਰੋਣਾ ਪਿਆ ।ਰਾਵਣ ਵਰਗੇ ਜਿਨਾਂ ਦੀ ਸੋਨੇ ਦੀ ਲੰਕਾ ਸੀ , ਜਿਨਾਂ ਦੇ ਦਸ ਸਿਰ ਸੀ ।ਜਿਸ ਦਾ ਬਹੁਤ ਵੱਡਾ ਰਾਜ ਮੰਨਿਆ ਜਾਂਦਾ ਸੀ ।ਰਾਵਣ ਵੀ ਸੋਨੇ ਦੀ ਲੰਕਾ ਗਵਾ ਕੇ ਰੋਇਆ ।ਜਿਹਨੇ ਸਾਧੂ ਦਾ ਭੇਸ ਬਦਲ ਕੇ ਸਤਿਕਾਰਤ ਸੀਤਾ ਨੂੰ ਚੱਕ ਲੈ ਆਇਆ ਸੀ ।

ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਫਰਮਾਉਂਦੇ ਹਨ

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥50॥

(ਅੰਗ 1429 ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਗੁਰੂ ਸਾਹਿਬ ਨੇ ਉਦਾਹਰਨ ਦਿੱਤੀ ਕਿ ਜਿਹੜਾ ਇਹ ਸੰਸਾਰ ਹੈ ਇਹ ਨਾਸਵੰਤ ਹੈ ।ਉਦਾਹਰਨ ਦਿੱਤੀ ਕਿ ਸ੍ਰੀ ਰਾਮ ਚੰਦਰ ਤਰੇਤੇ ਯੁਗ ਦੇ ਭਗਵਾਨ ਧਰਤੀ ਤੇ ਆਏ ਉਹਨਾਂ ਨੂੰ ਵੀ ਜਾਣਾ ਪਿਆ ।ਰਾਵਣ ਵਰਗੇ ਆਏ ਉਹਨਾਂ ਨੂੰ ਵੀ ਜਾਣਾ ਪਿਆ ।ਇਹ ਸੰਸਾਰ ਨਾਸ਼ਵੰਤ ਹੈ ਗੁਰੂ ਸਾਹਿਬ ਜੀ ਨੇ ਇੱਕ ਧੀਰਜ ਦਿੱਤਾ ਇੱਕ ਹੌਸਲਾ ਦਿੱਤਾ ।ਸਰੀਰ ਕਰਕੇ ਸਾਰਿਆਂ ਨੂੰ ਜਾਣਾ ਪੈਂਦਾ ਸੰਸਾਰ ਤੋਂ ।ਸੰਸਾਰ ਇੱਕ ਸੁਪਨੇ ਦੀ ਤਰ੍ਹਾਂ ਹੈ ।ਇਸ ਤਰਾਂ ਉਦਾਹਰਨਾਂ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਭਗਵਾਨ ਸ੍ਰੀ ਰਾਮ ਚੰਦਰ ਦਾ ਨਾਮ ਵਰਤਿਆ ਗਿਆ ਹੈ ।

ਸਵਾਲ 2) ਸਵਾਲ ਦੁਹਰਾਇਆ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿੱਚ ਆਇਆ ਰਾਮ ਸ਼ਬਦ , ਭਗਵਾਨ ਰਾਮ ਚੰਦਰ ਲਈ ਵਰਤਿਆ ਗਿਆ ?

ਜਵਾਬ ( ਸਿੰਘ ਸਾਹਿਬ ) ਇਹ ਬਿਲਕੁਲ ਗਲਤ ਹੈ ।ਗੁਮਰਾਹ ਬਿਲਕੁਲ ਨਹੀਂ ਕਰਨਾ ਚਾਹੀਦਾ ।ਮੈਂ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਉਦਾਹਰਨਾਂ ਸਹਿਤ ਸਮਝਾਇਆ ।ਕਿਉਂਕਿ ਗੁਰਬਾਣੀ ਬਿਲਕੁਲ ਸੱਚ ਹੈ ਤੇ ਸਾਨੂੰ ਸੱਚ ਤੇ ਪਹਿਰਾ ਦੇਣਾ ਚਾਹੀਦਾ ਹੈ ।ਜਿਹੜੀ ਗੱਲ ਸੱਚੀ ਆ ਉਹ ਸੱਚੀ ਗੱਲ ਕਰਨੀ ਚਾਹੀਦੀ ਐ ।ਜਿਹੜੀ ਅਧੂਰੀ ਜਾਣਕਾਰੀ ਉਹ ਬਹੁਤ ਨੁਕਸਾਨ ਕਰਦੀ ਐਂ । ਬਾਕੀ ਥਾਵਾਂ ਤੇ ਜੋ ਰਾਮ ਸ਼ਬਦ ਹੈ ਉਹ ਪਰਮਾਤਮਾ ਲਈ ਵਰਤਿਆ ਗਿਆ ਹੈ।

**-ਪੱਤਰਕਾਰ ਪਰਗਟ ਸਿੰਘ ਬਲ਼ਬੇੜ੍ਹਾ**
**090220 00070**

ਹੋਲੇ ਮਹੱਲੇ ਨੂੰ ਸਮਰਪਿਤ ਖਾਲਸਾਈ ਖੇਡਾਂ ਦੇ ਫਾਈਨਲ ਵਿੱਚ ਪਹੁੰਚੇ ਖਿਡਾਰੀਆਂ ਨੂੰ

# ਅਕਾਲੀ ਆਗੂ ਕਰਨੈਲ ਸਿੰਘ ਪੀਰਮੁਹੰਮਦ ਨੇ ਇਨਾਮ ਦੇਕੇ ਸਨਮਾਨਿਤ ਕੀਤਾ








**ਚੰਡੀਗੜ੍ਹ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਆਲ ਇੰਡੀਆ ਸਿੱਖ ਸਟੂਡੈਂਟਸ ਫੈੱਡਰੇਸ਼ਨ ਦੇ ਸਰਪ੍ਰਸਤ ਤੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਸ. ਕਰਨੈਲ ਸਿੰਘ ਪੀਰਮੁਹੰਮਦ ਦਾ ਕਹਿਣਾ ਹੈ ਕਿ ਖਿਡਾਰੀ ਕਿਸੇ ਵੀ ਦੇਸ਼ ਤੇ ਕੌਮ ਦਾ ਕੀਮਤੀ ਸਰਮਾਇਆ ਹੁੰਦਾ ਹਨ। ਜਦੋਂ ਉਹ ਆਪਣੀ ਖੇਡ ਦੇ ਜ਼ਰੀਏ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਜਿੱਤ ਦੇ ਝੰਡੇ ਗੱਡਦੇ ਹਨ ਤਾਂ ਸਮੁਚੇ ਦੇਸ਼ ਤੇ ਕੌਮ ਦਾ ਸਿਰ ਫ਼ਖ਼ਰ ਨਾਲ ਉਚਾ ਹੋ ਜਾਂਦਾ ਹੈ। ਸ੍ਰ ਪੀਰਮੁਹੰਮਦ ਚੰਡੀਗੜ੍ਹ ਦੇ ਪਿੰਡ ਡੱਡੂ ਮਾਜਰਾ ਵਿਖੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਕਮੇਟੀ ਵਲੋਂ ਹੋਲੇ-ਮੁਹੱਲੇ ਦੇ ਪਾਵਨ ਦਿਵਸ ਨੂੰ ਸਮਰਪਿਤ ਹੋ ਕੇ ਕਰਵਾਈਆਂ ਖਾਲਸਾਈ ਖੇਡਾਂ ਦੌਰਾਨ ਜੇਤੂ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਕਰਨ ਮਗਰੋਂ ਪੱਤਰਕਾਰਾ ਸਾਹਮਣੇ ਆਪਣੇ ਵਿਚਾਰ ਪ੍ਰਗਟ ਕਰ ਰਹੇ ਸਨ। ਜਥੇਦਾਰ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਕਿ ਖੇਡਾਂ ਸਾਡੇ ਅੰਦਰ ਨੈਤਿਕ ਗੁਣਾਂ ਜਿਵੇਂ ਸਹਿਣਸ਼ੀਲਤਾ, ਇਕਜੁੱਟਤਾ, ਆਪਸੀ ਪ੍ਰੇਮ ਪਿਆਰ, ਸਦਾਚਾਰ, ਜਿੱਤਣ ਦੀ ਤਾਂਘ ਆਦਿ ਨੂੰ ਕੁੱਟ ਕੁੱਟ ਕੇ ਭਰਦੀਆਂ ਹਨ। ਜ਼ਿਆਦਾਤਰ ਖੇਡਾਂ ਟੀਮ ਭਾਵਨਾ ਨਾਲ ਖੇਡੀਆਂ ਜਾਂਦੀਆਂ ਹਨ ਜਿਸ ਕਾਰਨ ਖਿਡਾਰੀ ਦੀ ਜ਼ਿੰਦਗੀ ਵਿਚ ਅਨੁਸ਼ਾਸਨ ਪੈਦਾ ਹੁੰਦਾ ਹੈ ਅਤੇ ਇਸ ਅਨੁਸਾਸ਼ਨ ਦਾ ਲਾਭ ਜ਼ਿੰਦਗੀ ਦੇ ਹਰ ਪੜਾਅ ਉਤੇ ਹੁੰਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਕਾਰਨ ਨੌਜਵਾਨਾਂ ਦੀ ਸੋਚ ਸਕਾਰਾਤਮਕ ਹੁੰਦੀ ਹੈ ਅਤੇ ਸਕਾਰਾਤਮਕ ਸੋਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿਚ ਬੜਾ ਅਹਿਮ ਰੋਲ ਅਦਾ ਕਰਦੀ ਹੈ। ਉਨ੍ਹਾਂ ਪਿੰਡ ਦੇ ਨੌਜਵਾਨਾਂ ਤੇ ਗੁਰਦੁਆਰਾ ਕਮੇਟੀ ਨੂੰ ਖਾਲਸਾਈ ਖੇਡਾਂ ਆਯੋਜਿਤ ਕਰਨ ਉਤੇ ਵਧਾਈ ਦਿੱਤੀ। ਇਸ ਤੋਂ ਪਹਿਲਾਂ ਗੁਰਦੁਆਰਾ ਕਮੇਟੀ ਨੇ ਸ੍ਰ ਪੀਰ ਮੁਹੰਮਦ ਅਤੇ ਸੀਨੀਅਰ ਐਡਵੋਕੇਟ ਅਮਰ ਸਿੰਘ ਚਾਹਲ , ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ ਅਜਮੇਰ ਸਿੰਘ ਖੇੜਾ ਨੂੰ ਖੇਡ ਮੇਲੇ ਵਿਚ ਪਹੁੰਚਣ 'ਤੇ ਜੀ ਆਇਆਂ ਆਖਿਆ ਅਤੇ ਸਿਰੋਪਾਓ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦੇਵੀ ਦਿਆਲ ਸਿੰਘ, ਕੈਸ਼ੀਅਰ ਮੋਹਨ ਸਿੰਘ, ਬਲਵਿੰਦਰ ਸਿੰਘ ਡੱਡੂਮਾਜਰਾ ਮੁਲਾਜ਼ਮ ਆਗੂ, ਕੋਚ ਹਰਪ੍ਰੀਤ ਸਿੰਘ ਡੀ.ਪੀ., ਸਟੇਜ ਸਕੱਤਰ ਮਾਸਟਰ ਹਰਬੰਸ ਸਿੰਘ ਵੀ ਵਿਸੇਸ਼ ਤੌਰ ਤੇ ਹਾਜ਼ਰ ਸਨ।



# ਤਰਨਜੀਤ ਸਿੰਘ ਸੰਧੂ ਨੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦਵਾਰਾ ਸ਼੍ਰੀ ਨਾਨਕਸਰ ਵੇਰਕਾ ਵਿਖੇ ਮੱਥਾ ਟੇਕਿਆ

## ਸਾਨੂੰ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚੱਲ ਕੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਸੰਕਲਪ ਲੈਣਾ ਚਾਹੀਦਾ : ਤਰਨਜੀਤ ਸਿੰਘ ਸੰਧੂ







**ਅੰਮ੍ਰਿਤਸਰ, 27 ਮਾਰਚ (ਆਵਾਜ਼ਿ ਕੌਮ ਬਿਊਰੋ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੇ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦਵਾਰਾ ਸ਼੍ਰੀ ਨਾਨਕਸਰ ਵੇਰਕਾ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਇਸ ਮੌਕੇ ਗੁਰਦਵਾਰਾ ਸਾਹਿਬ ਦੇ ਮੈਨੇਜਰ ਸਰਦਾਰ ਗੁਰਪਾਲ ਸਿੰਘ ਅਤੇ ਗੁਰਦਵਾਰਾ ਸਾਹਿਬ ਕਮੇਟੀ ਦੇ ਸਾਬਕਾ ਪ੍ਰਧਾਨ ਕੁਲਵੰਤ ਸਿੰਘ ਨੇ ਸਿਰੋਪਾਉ ਨਾਲ ਸਨਮਾਨਿਤ ਕੀਤਾ।ਉਹਨਾਂ ਕਿਹਾ ਕਿ ਗੁਰੂ ਦੇ ਦਰ 'ਤੇ ਨਤਮਸਤਕ ਹੋ ਕੇ ਉਹਨਾਂ ਦੀ ਰੂਹ ਨੂੰ ਬਹੁਤ ਸਕੂਨ ਮਿਲਿਆ ਹੈ। ਉਹਨਾਂ ਕਿਹਾ ਕਿ ਸਾਨੂੰ ਗੁਰੂ ਸਾਹਿਬਾਨ ਦੇ ਦੱਸੇ ਮਾਰਗ ਤੇ ਚੱਲ ਕੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਸੰਕਲਪ ਲੈਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕੇ ਅੰਮ੍ਰਿਤਸਰ ਸਿਫ਼ਤੀਂ ਦਾ ਘਰ ਹੈ। ਇਸ ਨੂੰ ਅਤੇ ਇਸ ਦੇ ਆਲ਼ੇ ਦੁਆਲੇ ਨੂੰ ਸਾਫ਼ ਸੁਥਰਾ ਅਤੇ ਸੁੰਦਰ ਬਣਾਉਣ ਲਈ ਉਚੇਚੇ ਯਤਨਾਂ ਦੀ ਜ਼ਰੂਰਤ ਹੈ। ਜੇਕਰ ਇੰਦੌਰ ਵਰਗਾ ਸ਼ਹਿਰ ਪਿਛਲੇ 6 ਸਾਲਾਂ ਵਿਚ ਹਿੰਦੁਸਤਾਨ ਦਾ ਸਭ ਤੋਂ ਸਾਫ਼ ਅਤੇ ਸੁੰਦਰ ਸ਼ਹਿਰ ਬਣ ਸਕਦਾ ਹੈ ਤਾਂ ਸਾਨੂੰ ਅੰਮ੍ਰਿਤਸਰ ਗੁਰੂ ਕੀ ਨਗਰੀ ਨੂੰ ਸੁੰਦਰ ਬਣਾਉਣ ਬਾਰੇ ਗੰਭੀਰਤਾ ਨਾਲ ਲੈਣਾ ਹੋਵੇਗਾ। ਉਹਨਾਂ ਕਿਹਾ ਕਿ ਵਿਕਾਸ ਯੋਜਨਾਵਾਂ ਲਈ ਕੇਂਦਰ ਤੋਂ ਸਪੈਸ਼ਲ ਪੈਕੇਜ ਲਿਆਵਾਂਗੇ। ਸਰਦਾਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਮੈਂ ਮਾਣ ਮਹਿਸੂਸ ਕਰਦਾ ਹਾਂ ਕਿ ਮੈਨੂੰ ਭਾਰਤ ਦੀ ਸੇਵਾ ਅਤੇ ਸਿੱਖੀ ਦੀ ਦਸਤਾਰ ਨੂੰ ਦੇਸ਼ ਵਿਦੇਸ਼ ਵਿਚ ਸਨਮਾਨ ਦਿਵਾਉਣ ਦਾ ਮੌਕਾ ਮਿਲਿਆ। ਸਰਦਾਰ ਤਰਨਜੀਤ ਸਿੰਘ ਸੰਧੂ ਦਾ ਵੇਰਕਾ ਵਿਖੇ ਪਹੁੰਚਣ 'ਤੇ ਨਗਰ ਨਿਵਾਸੀਆਂ ਅਤੇ ਭਾਜਪਾ ਵਰਕਰਾਂ ਨੇ ਫੁੱਲਾਂ ਦੇ ਹਾਰ ਪਹਿਨਾਉਂਦਿਆਂ ਸ਼ਾਨਦਾਰ ਸਵਾਗਤ ਕੀਤਾ।

ਇਸ ਤੋਂ ਪਹਿਲਾਂ ਸਰਦਾਰ ਤਰਨਜੀਤ ਸਿੰਘ ਸੰਧੂ ਨੇ ਪਿੰਡ ਵੱਲਾ ਵਿੱਚ ਸਥਿਤ ਸ਼੍ਰੀ ਗੁਰੂ ਤੇਗ. ਬਹਾਦਰ ਜੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਕੋਠਾ ਸਾਹਿਬ ਜੀ ਦੇ ਦਰਸ਼ਨ ਕੀਤੇ ਅਤੇ ਮੱਥਾ ਟੇਕਿਆ। ਸੰਧੂ ਨੇ ਕਿਹਾ ਕਿ ਮੈਨੂੰ ਅੰਮ੍ਰਿਤਸਰ ਦੇ ਇਤਿਹਾਸਕ ਗੁਰਦੁਆਰਿਆਂ ਸ੍ਰੀ ਨਾਨਕਸਰ ਸਾਹਿਬ, ਵੇਰਕਾ ਅਤੇ ਪਿੰਡ ਵੱਲਾਂ ਵਿੱਚ ਸਥਿਤ ਗੁਰਦੁਆਰਾ ਸ੍ਰੀ ਕੋਠਾ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਬਚਪਨ ਵਿੱਚ ਆਪਣੀ ਦਾਦੀ, ਮਾਤਾ-ਪਿਤਾ ਅਤੇ ਭਰਾਵਾਂ ਨਾਲ ਅਕਸਰ ਇੱਥੇ ਆਉਂਦਾ ਸੀ ਅਤੇ ਉਹ ਸਾਰੀਆਂ ਯਾਦਾਂ ਅੱਜ ਤਾਜ਼ਾ ਹੋ ਗਈਆਂ ਹਨ।

ਇਸ ਮੌਕੇ ਸਿਮਰਨ ਵੇਰਕਾ ਓਬੀਸੀ ਸਕੱਤਰ ਪੰਜਾਬ, ਕਵਲਜੀਤ ਸਿੰਘ ਸੰਨੀ, ਵਰਿੰਦਰ ਸਿੰਘ ਸਵੀਟੀ, ਬੌਬੀ ਵੇਰਕਾ, ਰਣਜੀਤ ਸਿੰਘ ਗੋਲਡੀ, ਗੁਰਕੰਵਲ ਮਾਨ, ਹਰਵਿੰਦਰ ਸਿੰਘ ਰਾਜੂ, ਸੁਖਦੇਵ ਸਿੰਘ ਮੂਧਲ, ਮੰਗਲ ਸਿੰਘ, ਅਵਤਾਰ ਸਿੰਘ, ਰਣਜੀਤ ਸਿੰਘ ਤੇ ਕੁਲਵੰਤ ਸਿੰਘ ਵੇਰਕਾ ਵੀ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243